ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

ਕੜੀ-10, ਪਥਰਾਹਟੀ ਈਂਧਣ ਤੇ ਪਰਿਆਵਰਣ **(Fossil Fuel and Environment)**

ਖੋਜ ਤੇ ਲੇਖਣ: ਮਾਨਸ ਪ੍ਰੀਤਮ ਦਾਸ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(In this episode we have three passengers, forced to share a single car by the circumstances, talk about the impacts of fossil fuel burning. They have the driver who often chips in with his bit of idea. A brief stop at a tea shop also brings out different dimensions of the issue.)

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਮਨੋਜ ਕੁਮਾਰ: ਅੱਧਖੜ ਉਮਰ ਦਾ ਇੱਕ ਪੁਰਸ਼

ਲਖਵੀਰ ਕੌਰ : ਅੱਧਖੜ ਉਮਰ ਦੀ ਇੱਕ ਔਰਤ

ਪ੍ਰਿਥੀ ਚੰਦ: ਇੱਕ ਕਾਰੋਬਾਰੀ (ਉਮਰ ਵਿਚ ਦੋਨਾਂ ਤੋਂ ਛੋਟਾ)

ਸ਼ਕੀਲ: ਡਰਾਈਵਰ (ਉਮਰ ਵਿਚ ਲਗਭਗ 30 ਸਾਲ)

ਲੱਛਮੀ: ਚਾਹ ਵਾਲੀ (ਉਮਰ ਵਿਚ ਲਗਭਗ 30 ਸਾਲ)

ਹੋਰ: ਪੈਟਰੋਲ ਪੰਪ 'ਤੇ ਖੜ੍ਹੇ ਲੋਕ

ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ......

(ਸੰਗੀਤ...)

**ਐਲਾਨ**: ਇਹ ਆਲ ਇੰਡੀਆ ਰੇਡਿਓ ਹੈ।ਸਾਡੇ ਨਵੇਂ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ**" ਦੀਆਂ ਨੌ ਕੜੀਆਂ ਰਾਹੀਂ ਹੁਣ ਤੱਕ ਜਾਣ ਚੁੱਕੇ ਹੋ ਤੁਸੀਂ ਸਾਡੇ ਵਿਕਾਸ ਦੀ ਮੌਜੂਦਾ ਦਿਸ਼ਾ ਕਾਰਨ ਕੁਦਰਤੀ ਸ੍ਰੋਤਾਂ ਨੂੰ ਹੋ ਰਹੇ ਨੁਕਸਾਨ ਬਾਬਤ ! ਇਸਦੀ ਦਿਸ਼ਾ ਵਿੱਚ ਬਦਲਾਅ ਕਰਕੇ ਇਕਸੁਰਤਾ ਵਾਲੇ , ਸ੍ਰੋਤਾਂ ਦੀ ਬਰਬਾਦੀ ਰੋਕਣ ਵਾਲੇ ਵਿਕਾਸ ਦੀ ਪਗ-ਡੰਡੀ ਦੀ ਜਾਣਕਾਰੀ ਲੈਂਦੇ ਹੋਏ ਇਨ੍ਹਾਂ ਰੇਡੀਓ ਨਾਟਕਾਂ ਦਾ ਅਨੰਦ ਮਾਣ ਚੁੱਕੇ ਹੋ । ਅੱਜ ਅਸੀਂ ਇਸ ਕੜੀ ਵਿੱਚ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ ਇੱਕ ਵਿਸ਼ੇਸ਼ ਪਹਿਲੂ ਨੂੰ ਲੈ ਕੇ ਜਿਸ ਵਿੱਚ ਅਸੀਂ ਗੱਲ ਬਾਤ ਕਰਾਂਗੇ ਤੇ ਨਾਟਕ ਰਾਹੀਂ ਕਰਾਂਗੇ ਪੇਸ਼ਕਾਰੀ ਪਥਰਾਹਟੀ ਈਂਧਣਾਂ ਬਾਬਤ ਅਤੇ ਉਨ੍ਹਾਂ ਦੀ ਵਰਤੋਂ ਦੇ ਨਾਲ ਪੈ ਰਹੇ ਪ੍ਰਭਾਵ ਬਾਬਤ ! ਜੋ ਪੈਂਦਾ ਹੈ ਸਾਡੇ ਪਰਿਆਵਰਣ ਦੇ ਉਪਰ ਇਨ੍ਹਾਂ ਦੀ ਬਦੌਲਤ!

ਸੰਗੀਤ

**ਐਲਾਨ**: ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ **ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ**" ਦੀ ਦਸਵੀਂ ਕੜੀ ।

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਸਾਡੇ ਸਾਰੇ ਸ੍ਰੋਤਿਆਂ ਦਾ ਅੱਜ ਦੇ ਇਸ ਵਿਗਿਆਨ ਲੜੀਵਾਰ "**ਚਲਦੀ ਰਹੇ ਇਹ ਜਿੰਦਗੀ**" ਦੀ ਦਸਵੀਂ ਕੜੀ ਵਿੱਚ ਨਿਘਾ ਸੁਆਗਤ ਹੈ । ਜੀ ਆਇਆਂ ਨੂੰ ! "**ਟਿਕਾਊ ਵਿਕਾਸ**" ਦਾ ਵਾਕ-ਅੰਸ ਸੁਣਦੇ ਹੀ ਸਾਡੇ ਕੰਨ ਖੜ੍ਹੇ ਹੋ ਜਾਂਦੇ ਹਨ ਤੇ ਗੂੰਜਦੀਆਂ ਨੇ ਚੇਤਾਵਨੀਆਂ ਦੀਆਂ ਉਹ ਧੁਨੀਆਂ ਜੋ ਹੁੰਦੀਆਂ ਨੇ, ਮੌਜੂਦਾ ਵਿਕਾਸ ਦੇ ਮਾਡਲ ਨਾਲ ਪਰਿਆਵਰਣ ਨੂੰ ਹੋ ਰਹੇ ਗੰਭੀਰ ਖਤਰਿਆਂ ਬਾਰੇ! ਛਾ ਜਾਂਦੇ ਨੇ ਸਾਡੀਆਂ ਅੱਖਾਂ ਅੱਗੇ ਸਾਡੇ ਸਮਾਜ ਵਿੱਚ ਤੇਜ ਰਫਤਾਰ ਨਾਲ ਹੋ ਰਹੇ ਬਦਲਾਵਾਂ ਨੂੰ ਦਰਸਾਉਂਦੇ ਦ੍ਰਿਸ਼! ਸੁਣ ਚੁਕੇ ਹਾਂ ਅਸੀਂ ਵਧੱਦੇ ਖਪਤ ਦੇ ਰੁਝਾਣ ਦੀਆਂ ਕਹਾਣੀਆਂ , ਵਰਤੋ ਤੇ ਸੁਟੋ ਦੀਆਂ ਕਹਾਣੀਆਂ ਜਿੰਨਾਂ ਬਦੌਲਤ ਰੋਜ ਵਾਪਰਦੇ ਨੇ ਕਾਂਡ ਸਾਡੇ ਸਾਹਮਣੇ ਪਲਾਸਟਿਕ ਦੀਆਂ ਖਾਲੀ ਬੋਤਲਾਂ , ਗਲਾਸਾਂ ,ਪਲੇਟਾਂ ਕੌਲੀਆਂ , ਚਮਚਿਆਂ , ਕਾਂਟਿਆਂ , ਛੁਰੀਆਂ, ਲਿਫਾਫਿਆਂ ਦੇ ਕਾਰਨ ! ਵੇਖਦੇ ਹਾਂ ਰੋਜ ਤਸਵੀਰ ਦਿਨ -ਬ-ਦਿਨ ਪਲਾਸਟਿਕ ਦੀ ਵੱਧ ਰਹੀ ਵਰਤੋਂ ਕਾਰਨ ਹੋ ਰਹੇ ਕੈਂਸਰ ਨਾਲ ਹੁੰਦੀਆਂ ਮੌਤਾਂ ਦੀ ਵੀ । ਪੇਸ਼ ਹੋ ਜਾਂਦੇ ਨੇ ਸਾਡੇ ਸਾਹਮਣੇ ਉਹ ਭਿਆਨਕ ਦ੍ਰਿਸ਼, ਕੁਦਰਤ ਦੇ ਘਾਣ ਦੇ ਹੋ ਰਿਹਾ ਹੈ ਜੋ, ਇਨ੍ਹਾਂ ਵਰਤਾਰਿਆਂ ਦੇ ਨਾਲ ! ਕੁਦਰਤ ਦਾ ਵਿਗੜਦਾ ਸੰਤੁਲਨ ਵੇਖ ਲਓ ਹੁੰਦਾ ਹੈ ਕਿਵੇਂ ਪੈਟਰੋਲ ਤੇ ਡੀਜ਼ਲ ਨਾਲ ਚਲਦੀਆਂ ਲੱਖਾਂ ਕਾਰਾਂ ਬਸਾਂ, ਟਰੱਕਾਂ ਤੇ ਟੈਂਪੂਆਂ ਦੇ ਨਾਲ !

**ਮਰਦ ਸੂਤਰਧਾਰ:** ਸੁਣਾਂਗੇ ਕਹਾਣੀ ਬਰਬਾਦੀ ਦੀ! ਲਿਖੀ ਜਾਂਦੀ ਹੈ ਜੋ ਤੇਲ ਨਾਲ ਚਲਦੇ ਲੱਖਾਂ ਜੈਨਰੇਟਰਾਂ ਵੱਲੋਂ ! ਪੰਜਾਬ ਵਿੱਚ ਤਾਂ ਡੀਜ਼ਲ ਨਾਲ ਚੱਲਣ ਵਾਲੇ 1.71 ਲੱਖ ਟਿਊਬ ਵੈਲਾਂ ਨਾਲ ਵੀ ਤਾਂ ਹੋ ਰਿਹਾ ਹੈ ਪ੍ਰਦੂਸ਼ਣ ਪਰਿਆਵਰਣ ਦਾ !

**ਔਰਤ ਸੂਤਰਧਾਰ:** ਦਿਸ ਪੈਂਦੇ ਨੇ ਉਹ ਕਣ ਤੇ ਧੂੰਏਂ ਦੇ ਗਰਦ ਗੁਬਾਰ ਵੀ ਜੋ ਨਿਕਲਦੇ ਨੇ 2800 ਭੱਠਿਆਂ ਦੇ ਵਿੱਚੋਂ !

**ਮਰਦ ਸੂਤਰਧਾਰ:** ਪੰਜਾਬ ਦੇ ਕੋਲਾ ਬਿਜਲੀ ਘਰਾਂ ਵਿੱਚੋਂ ਨਿਕਲਦੇ ਧੂੰਏ ਦੇ ਰੂਪ ਵਿੱਚ ਵੀ ਤਾਂ ਹੋ ਰਿਹਾ ਹੈ !

**ਔਰਤ ਸੂਤਰਧਾਰ:** ਹਾਂ ਜੀ ! ਨਜਰੀਂ ਪੈ ਜਾਂਦੇ ਨੇ ਦੂਰੋਂ ਹੀ ਬੱਦਲ ਉਸ ਧੂੰਏਂ ਦੇ ਜੋ ਨਿਕਲਦਾ ਹੈ ਬਠਿੰਡਾ , ਲਹਿਰਾ ਮੁਹੱਬਤ, ਤਲਵੰਡੀ ਸਾਬੋ , ਰੋਪੜ ਤੇ ਨਲਾਸ ਦੇ ਕੋਲਾ ਤਾਪ ਬਿਜਲੀ ਘਰਾਂ ਵਿੱਚੋਂ !

**ਮਰਦ ਸੂਤਰਧਾਰ:** ਘੁੰਮ ਜਾਂਦੇ ਨੇ ਉਹ ਚੇਹਰੇ, ਅੱਖਾਂ ਦੇ ਸਾਹਮਣੇ, ਸਮੇਟ ਲਏ ਜਿਹੜੇ, ਦਮੇ ਵਰਗੀਆਂ ਬਿਮਾਰੀਆਂ ਨੇ !

**ਔਰਤ ਸੂਤਰਧਾਰ:** ਹਾਂ ਅੱਜ ਅਸੀਂ ਸੁਣਾਵਾਂਗੇ ਕਹਾਣੀ ਉਸ ਬਰਬਾਦੀ ਤੋਂ ਬਚਾਅ ਦੀ ਵੀ, ਹੁੰਦੀ ਹੈ ਜਿਹੜੀ ਪਥਰਾਹਟੀ ਈਂਧਣਾਂ ਦੀ ਵਰਤੋਂ ਕਰਕੇ !

**ਮਰਦ ਸੂਤਰਧਾਰ:** ਪੈਟਰੋਲ , ਡੌਜ਼ਲ , ਮਿੱਟੀ ਦੇ ਤੇਲ ਤੇ ਕੋਲੇ ਕਾਰਨ ਹੋ ਰਹੇ ਪਰਿਆਵਰਣੀ ਘਾਣ ਦੀ ਕਹਾਣੀ, ਸੁਣੋਗੇ ਤੁਸੀਂ ਅੱਜ ਸਾਡੇ ਕਲਾਕਾਰਾਂ ਦੀ ਜ਼ੁਬਾਨੀ !

**ਔਰਤ ਸੂਤਰਧਾਰ:**ਪਰ ਡਰੋ ਨਾ! ਇਸ ਬਰਬਾਦੀ ਤੋਂ ਬਚਾਉ ਦੇ ਵੀ ਹੋਣਗੇ ਉਪਾਅ ਅੱਜ ਦੀ ਸਾਡੀ ਇਸ ਪੇਸ਼ਕਾਰੀ ਦੇ ਵਿੱਚ ! ਹਾਂ ਤਾਂ ਫਿਰ ਲਓ ਸੁਣੋ ਕਹਾਣੀ ਪਥਰਾਹਟੀ ਬਾਲਣਾਂ ਦੇ ਨੁਕਸਾਨਾਂ ਦੀ ਤੇ ਉਨ੍ਹਾਂ ਤੋਂ ਬਚਾਅ ਦੀ -ਸਿੱਕੇ ਦੋਵੇਂ ਪਹਿਲੂ – ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ !

………………**ਕੜੀ ਦਾ ਸੰਗੀਤ** …………

**ਦ੍ਰਿਸ਼ -ਪਹਿਲਾ**

( ਪੈਟਰੋਲ ਪੰਪ, ਭੀੜ ਹੈ ਪੈਟਰੋਲ ਤੇ ਡੀਜ਼ਲ ਪਵਾਉਣ ਵਾਲਿਆਂ ਦੀ ! ਲੱਗੀਆਂ ਨੇ ਲੰਮੀਆਂ ਕਤਾਰਾਂ ! ਉਡੀਕ ਰਹੇ ਨੇ ਆਪਣੀ ਵਾਰੀ ਨੂੰ ! ਵਕਤ ਹੋ ਰਿਹਾ ਹੈ ਬਰਬਾਦ , ਬੇਚੈਨ ਨੇ ਲੋਕ ! ਗੁੱਸੇ ਵਿੱਚ ਬਦਲ ਰਹੀ ਹੈ ਉਨ੍ਹਾਂ ਦੀ ਇਹ ਬੈਚੈਨੀ!)

**ਆਵਾਜ਼** 1 : ਓ ਭਾਈ, ਡੀਜ਼ਲ ਦੇ ਲਈ ਕਦੋਂ ਦੇ ਲਾਈਨ ਵਿਚ ਲੱਗੇ ਹਾਂ।

**ਲਖਵੀਰ ਕੌਰ:** ਸ਼ਕੀਲ ! ਦੇਖਿਓ ਤਾਂ ਡੀਜ਼ਲ ਦੇਣ ਵਿਚ ਐਨਾ ਵਕਤ ਕਿਉਂ ਲੱਗ ਰਿਹਾ ਹੈ?

**ਆਵਾਜ਼** 2: ਲਉ ਜੀ, ਉਹ ਤਾਂ ਡੀਜ਼ਲ ਦੇਣ ਤੋਂ ਈ ਨਾਂਹ ਕਰ ਰਿਹਾ ਹੈ !

**ਸ਼ਕੀਲ:** ਹੈਂ ! ਨਾਂਹ !! ਪਰ ਕਿਉਂ ? ਕਿਉਂ ਕਰ ਰਿਹਾ ਹੈ ਨਾਂਹ ?

**ਆਵਾਜ਼** 2: ਕਹਿੰਦਾ ਹੈ, ਖ਼ਤਮ ਹੋ ਗਿਆ। ਹੁਣ ਤਾਂ ਇੱਕ ਘੰਟੇ ਬਾਅਦ ਮਿਲੇਗਾ ਡੀਜ਼ਲ !

**ਮਨੋਜ: (ਗੁੱਸੇ ਵਿਚ):** ਐਂ ਕਿਵੇਂ? ਮੈਂ ਦੇਖਦਾ ਹਾਂ ਉਸ ਨੂੰ (ਗੁੱਸੇ ਨਾਲ) ਕਿਉਂ ਜੀ, ਡੀਜ਼ਲ ਕਿਉਂ ਨਹੀਂ ਦੇ ਰਹੇ?

**ਮਾਲਕ:** ਓ ਭਾਈ! ਕਦੋਂ ਦਾ ਆਖ ਰਿਹਾ ਹਾਂ। ਡੀਜ਼ਲ ਖ਼ਤਮ ਹੋ ਗਿਆ।

**ਮਨੋਜ:** ਐਵੇ ਕਿਵੇਂ ਖ਼ਤਮ ਹੋ ਗਿਆ ?

**ਪ੍ਰਿਥੀ ਚੰਦ:** ਮਜ਼ਾਕ ਹੈ ਕੀ ?

**ਮਾਲਕ:** ਓਹੋ..! ਤੁਸੀਂ ਕਿਉਂ ਨਹੀਂ ਸਮਝਦੇ, ਘੰਟੇ ਤੋਂ ਪਹਿਲਾਂ ਨਹੀਂ ਆਏਗਾ ! ਜਦ ਆਊਗਾ ਤਾਂ ਉਦੋਂ ਹੀ...।

**ਆਵਾਜ਼:** ਅਸੀਂ ਸਭ ਜਾਣਦੇ ਹਾਂ। ਸਾਨੂੰ ਨਾਂਹ ਕਰੇਂਗਾ ਤੇ ਦੂਸਰਿਆਂ ਨੂੰ ਬਲੈਕ ਵਿਚ ਵੇਚੇਂਗਾ।

**ਮਾਲਕ:** ਇਹ ਕੀ ਆਖ ਰਹੇ ਹੋ?

**ਆਵਾਜ਼:** ਓ ਬਈ ! ਇਹ ਐਵੇ ਨਹੀਂ ਮੰਨਦਾ! **(ਚੀਕ ਕੇ)** ਡੀਜ਼ਲ ਦਿੰਦਾ ਹੈਂ ਜਾਂ ਨਹੀਂ?

**ਲਖਵੀਰ ਕੌਰ :** ਭਲਾ ! ਕੀ ਪੰਪ ਦਾ ਮਾਲਕ ਠੀਕ ਆਖ ਰਿਹਾ ਹੈ? ਕੀ ਉਸ ਕੋਲ ਡੀਜ਼ਲ ਸੱਚ-ਮੁੱਚ ਨਹੀਂ?

**ਮਨੋਜ:** ਪਰ, ਮੇਰੀ ਕਾਰ ਵਿਚ ਤਾਂ ਡੀਜ਼ਲ ਖਤਮ ਹੀ ਹੋ ਗਿਆ । ਅੱਗੇ 30 ਕਿਲੋਮੀਟਰ ਕਿਵੇਂ ਜਾਵਾਂਗਾ?

**ਪ੍ਰਿਥੀ ਚੰਦ:** ਉਹੀ ਤਾਂ। ਮੇਰੀ ਕਾਰ ਵਿਚ ਵੀ ਮੁਸ਼ਕਿਲ ਨਾਲ 2-3 ਕਿਲੋਮੀਟਰ ਤੱਕ ਦਾ ਹੀ ਤੇਲ ਬਚਿਆ ਏ।

**ਲਖਵੀਰ ਕੌਰ :** ਤੁਸੀਂ ਥੋੜ੍ਹੀ ਸ਼ਾਂਤੀ ਨਾਲ ਕੰਮ ਲਉ। ਇਥੇ ਮਾਮਲਾ ਵਿਗੜਦਾ ਲੱਗ ਰਿਹਾ ਹੈ। ਲੋਕ ਪੰਪ ਮਾਲਕ ਦੇ ਨਾਲ ਕੁੱਟ-ਮਾਰ 'ਤੇ ਉਤਰ ਆਏ ਹਨ।

**ਮਨੋਜ:** ਚੰਗਾ ਹੋਇਆ। ਕੁੱਟ ਖਾਣ ਦਿਉ। ਉਹ ਹੈ ਵੀ ਇਸੇ ਲਾਈਕ।

**ਲਖਵੀਰ ਕੌਰ:** ਇਹ ਕੀ ਆਖ ਰਹੇ ਹੋ ਤੁਸੀਂ। ਆਖਿਰ ਅਸੀਂ ਜ਼ਿੰਮੇਵਾਰ ਨਾਗਰਿਕ ਹਾਂ। ਭਲਾ ਇਸ ਤਰ੍ਹਾਂ ਕੁੱਟ - ਮਾਰ ਕਰਨ ਨਾਲ ਕਿਸੇ ਸਮੱਸਿਆ ਦਾ ਹੱਲ ਹੋਇਆ ਹੈ ਕਦੇ?

**ਮਨੋਜ:** ਪਰ, ਉਸ ਨੂੰ ਵੀ ਤਾਂ ਦੇਖੋ ! ਸਾਡੀਆਂ ਤਕਲੀਫਾਂ ਨਾਲ ਜਿਵੇਂ ਉਸ ਨੂੰ ਕੋਈ ਫ਼ਰਕ ਹੀ ਨਹੀਂ ਪੈਂਦਾ ! ਅਗਲੇ 5 ਕਿਲੋਮੀਟਰ ਤੱਕ ਕੋਈ ਪੈਟਰੋਲ ਪੰਪ ਵੀ ਨਹੀਂ।

**ਪ੍ਰਿਥੀ ਚੰਦ:** ਹੋਰ ਕੀ। ਮੈਂ ਤਾਂ ਐਨਾ ਪ੍ਰੇਸ਼ਾਨ ਹਾਂ ਕਿ ਦੱਸ ਵੀ ਨਹੀਂ ਸਕਦਾ...।

**ਲਖਵੀਰ ਕੌਰ:** ਜੈਂਟਲਮੈਂਨ! ਮੈਂ ਇਕ ਸੁਝਾਅ ਦੇਵਾਂ ? ਕਿਉਂ ਨਾ ਤੁਸੀਂ ਸਾਰੇ ਆਪਣੀਆਂ-ਆਪਣੀਆਂ ਕਾਰਾਂ ਡਰਾਈਵਰਾਂ ਕੋਲ ਛੱਡ ਕੇ ਮੇਰੀ ਗੱਡੀ ਵਿਚ ਚੱਲੋ। ਮੇਰਾ ਨਾਮ ਲਖਵੀਰ ਕੌਰ ਹੈ।

**ਮਨੋਜ:** ਮੈਂ ਮਨੋਜ। ਪਰ, ਅਸੀਂ ਤੁਹਾਡੇ ਨਾਲ ਕਿਉਂ ਜਾਈਏ? ਮਤਲਬ, ਸਾਡੇ ਲਈ ਤੁਸੀਂ ਕਿਉਂ ਤਕਲੀਫ ਕਰੋ?

**ਪ੍ਰਿਥੀ ਚੰਦ:** ਮੈਂ ਪ੍ਰਿਥੀ ਚੰਦ। ਮੈਂ ਸਮਝਿਆ ਨਹੀਂ। ਜੇਕਰ ਅਸੀਂ ਅਲੱਗ-ਅਲੱਗ ਜਗ੍ਹਾ 'ਤੇ ਜਾਣਾ ਹੋਵੇ ਫਿਰ..।

**ਲਖਵੀਰ ਕੌਰ:** ਤੁਹਾਡੀ ਗੱਲ ਤਾਂ ਠੀਕ ਹੈ। ਪਰ, ਇਨ੍ਹਾਂ ਹਾਲਤਾਂ ਵਿਚ ਕੀਤਾ ਵੀ ਕੀ ਜਾ ਸਕਦਾ ਹੈ। ਪੰਪ ਵਾਲਾ ਆਖ ਰਿਹਾ ਹੈ, ਕਿ ਡੀਜ਼ਲ ਆਉਂਦੇ-ਆਉਂਦੇ ਘੱਟੋ ਘੱਟ ਇੱਕ ਘੰਟਾ ਲੱਗ ਜਾਵੇਗਾ। ਐਨੀ ਦੇਰ ਤੱਕ ਇੰਤਜ਼ਾਰ ਕਿਵੇਂ ਕਰੋਗੇ ਤੁਸੀਂ? ਫਿਲਹਾਲ ਭੁੱਲ ਜਾਉ ਮੇਰੀ ਪ੍ਰੇਸ਼ਾਨੀ ਨੂੰ ਤੁਸੀਂ ! ਕਿਸੇ ਦਿਨ ਮੈਨੂੰ ਲਿਫਟ ਦੇ ਕੇ ਹਿਸਾਬ ਬਰਾਬਰ ਕਰ ਦੇਣਾ।

**ਪ੍ਰਿਥੀ ਚੰਦ:** ਹਾਂ ਠੀਕ ਹੈ। ਪਰ, ਮੈਂ ਸੈਕਟਰ 18 ਪਹੁੰਚਣਾ ਐ । ਉਹ ਵੀ ਇਕ ਘੰਟੇ ਦੇ ਅੰਦਰ.....।

**ਮਨੋਜ:** ਅਤੇ ਮੇਰੀ ਸੈਕਟਰ 7 ਵਿਚ ਮੀਟਿੰਗ ਹੈ।

**ਲਖਵੀਰ ਕੌਰ:** ਵਾਹ! ਇਹ ਤਾਂ ਬਹੁਤ ਚੰਗਾ ਹੋਇਆ।ਬਿਨਾ ਆਪਣਾ ਰਸਤਾ ਬਦਲੇ ਮੈਂ ਤੁਹਾਨੂੰ ਦੋਵਾਂ ਨੂੰ ਛੱਡ ਸਕਦੀ ਹਾਂ। ਇੰਤਜ਼ਾਰ ਕਿਸ ਗੱਲ ਦਾ ! ਆਪਣੇ ਡਰਾਈਵਰਾਂ ਨੂੰ ਆਖ ਕੇ ਆ ਜਾਉ ਮੇਰੀ ਕਾਰ ਵਿਚ। ਤੁਹਾਨੂੰ ਅਲੱਗ-ਅਲੱਗ ਜਗ੍ਹਾ 'ਤੇ ਛੱਡਣ ਲਈ ਤੇਲ ਹੈ ਮੇਰੇ ਕੋਲ ! ਮੈਂ ਤਾਂ ਸਿਰਫ਼ ਆਪਣਾ ਰਿਜ਼ਰਵ ਵਧਾਉਣ ਲਈ ਕਤਾਰ ਵਿਚ ਲਗ ਗਈ ਸੀ।

**ਮਨੋਜ:** ਬਸ! ਇਕ ਮਿੰਟ ਵਿਚ ਆਇਆ।

**ਪ੍ਰਿਥੀ ਚੰਦ:** ਮੈਂ ਵੀ...।

**ਲਖਵੀਰ ਕੌਰ: (ਆਪਣੇ-ਆਪ ਨਾਲ):** ਕਿੰਨੀ ਅਜੀਬ ਗੱਲ ਐ। ਕਿਸੇ ਵੀ ਸਮੱਸਿਆ ਦੇ ਸੌਖੇ ਹੱਲ ਨੂੰ ਅਸੀਂ ਅਕਸਰ ਅਣਦੇਖਿਆ ਕਰ ਦਿੰਦੇ ਹਾਂ। ਪਤਾ ਨਹੀਂ ਕਿਉਂ?

**(ਕਾਰ ਸਟਾਰਟ ਹੋ ਕੇ ਚੱਲ ਪੈਂਦੀ ਹੈ।)**

**ਮਨੋਜ:** ਗਰਮੀ ਬਹੁਤ ਜ਼ਿਆਦਾ ਹੈ ਅੱਜ।

**ਲਖਵੀਰ ਕੌਰ:** ਏ.ਸੀ. ਚਲਾਵਾਂ ?

**ਮਨੋਜ:** ਪਲੀਜ਼! ਮੈਂ ਤਾਂ ਗਰਮੀ-ਗਰਮੀ ਹੋਇਆ ਜਾ ਰਿਹਾ ਹਾਂ।

**ਪ੍ਰਿਥੀ ਚੰਦ:**ਮੌਸਮਾਂ ਨੂੰ ਪਤਾ ਨਹੀਂ ਕੀ ਹੋ ਗਿਆ। ਸਿਆਲ ਅਜੇ ਲੰਘਿਆ ਵੀ ਨਹੀਂ, ਮੌਸਮ ਐਨਾ ਤਪਣ ਲੱਗ ਗਿਆ !

**ਲਖਵੀਰ ਕੌਰ:** ਠੀਕ ਕਿਹਾ। ਪਰ, ਵਿਗਿਆਨੀ ਤਾਂ ਸਾਨੂੰ ਹੀ ਜ਼ਿੰਮੇਵਾਰ ਮੰਨਦੇ ਹਨ, ਇਸ ਦੇ ਲਈ ਵੀ।

**ਪ੍ਰਿਥੀ ਚੰਦ:** ਕੀ? ਸਾਨੂੰ ਹਿੰਦੋਸਤਾਨੀਆਂ ਨੂੰ ਜ਼ਿੰਮੇਵਾਰ ਦੱਸਦੇ ਹਨ। ਕਿੰਨੇ ਚਲਾਕ ਹਨ ਇਹ ਪੱਛਮ ਦੇ ਵਿਗਿਆਨੀ। ਸਾਨੂੰ ਬਦਨਾਮ ਕਰਨ ਦਾ ਕੋਈ ਮੌਕਾ ਨਹੀਂ ਛੱਡਦੇ। ਹੁਣ ਤੁਸੀਂ ਹੀ ਦੱਸੋ ਮੈਡਮ, ਆਖਰ ਅਸੀਂ ਮੌਸਮ ਨੂੰ ਨੁਕਸਾਨ ਪਹੁੰਚਾਉਣ ਵਾਲਾ ਕਿਹੜਾ ਕੰਮ ਕਰ ਦਿੱਤਾ?

**ਮਨੋਜ:** ਸ਼ਾਂਤ ਪ੍ਰਿਥੀ ਚੰਦ ਜੀ। ਸ਼ਾਂਤ! ਮੈਡਮ ਸ਼ਾਇਦ ਗਲੋਬਲ ਵਾਰਮਿੰਗ ਦੀ ਗੱਲ ਕਰ ਰਹੇ ਹਨ। ਵਿਗਿਆਨੀ ਤਾਂ ਇਸ ਦੇ ਲਈ ਸਿਰਫ਼ ਹਿੰਦੋਸਤਾਨੀਆਂ ਨੂੰ ਨਹੀਂ, ਬਲਕਿ ਸਾਰੀ ਦੁਨੀਆ ਨੂੰ ਦੋਸ਼ੀ ਮੰਨ ਰਹੇ ਹਨ।

**ਲਖਵੀਰ ਕੌਰ:** ਸਹੀ ਕਿਹਾ ਅਤੇ ਇਸ ਵਿਚ ਹਿੰਦੋਸਤਾਨੀ ਵਿਗਿਆਨੀ ਵੀ ਸ਼ਾਮਿਲ ਹਨ।

**ਮਨੋਜ:** ਜੀ ਹਾਂ ਅਤੇ ਜ਼ਿਆਦਾਤਰ ਮੌਸਮ ਵਿਗਿਆਨੀਆਂ ਦੇ ਅਨੁਸਾਰ ਇਸ ਗੋਲਬਲ ਵਾਰਮਿੰਗ ਦਾ ਕਾਰਨ ਮਨੁੱਖਾਂ ਦੁਆਰਾ ਵਧਾਇਆ ਜਾਣ ਵਾਲਾ ਗ੍ਰੀਨ ਹਾਊਸ ਪ੍ਰਭਾਵ ਹੈ।

**ਲਖਵੀਰ ਕੌਰ:** ਦਰਅਸਲ ਸੱਚ ਤਾਂ ਇਹੀ ਹੈ ਕਿ ਕੁਦਰਤੀ ਗ੍ਰੀਨ ਹਾਊਸ ਵਿਚ ਹੋਣ ਵਾਲੇ ਇਸ ਬਦਲਾਓ ਦਾ ਕਾਰਨ ਤਾਂ ਮਨੁੱਖੀ ਗਤੀਵਿਧੀਆਂ ਹੀ ਹਨ। ਪਿਛਲੇ ਸੌ ਸਾਲਾਂ ਵਿਚ ਕੋਲਾ ਅਤੇ ਤੇਲ ਵਰਗੇ ਪਥਰਾਹਟੀ ਬਾਲਣ ਬਾਲ-ਬਾਲ ਕੇ ਅਸੀਂ ਵਾਤਾਵਰਣ ਵਿਚ ਕਾਰਬਨ ਡਾਈ ਅਕਸਾਈਡ ਦੀ ਮਾਤਰਾ ਬਹੁਤ ਜ਼ਿਆਦਾ ਵਧਾ ਦਿੱਤੀ ਹੈ।

**ਮਨੋਜ:** ਕੋਲਾ ਹੋਵੇ ਜਾਂ ਤੇਲ ਇਨ੍ਹਾਂ ਨੂੰ ਜਲਾਉਣ ਨਾਲ ਇਨ੍ਹਾਂ ਵਿਚਲੀ ਕਾਰਬਨ ਹਵਾ ਵਿਚਲੀ ਆਕਸੀਜਨ ਦੇ ਨਾਲ ਮਿਲ ਕੇ ਕਾਰਬਨ ਡਾਈਆਕਸਾਈਡ ਬਣਾ ਦਿੰਦੀ ਹੈ।

**ਲਖਵੀਰ ਕੌਰ:** ਖੇਤੀ, ਉਦਯੋਗਾਂ ਅਤੇ ਸਾਡੀਆਂ ਦੂਸਰੀਆਂ ਗਤੀਵਿਧੀਆਂ ਦੇ ਕਾਰਨ ਵੀ ਗ੍ਰੀਨ ਹਾਊਸ ਗੈਸਾਂ ਦਾ ਨਿਕਾਸ ਵਧ ਜਾਂਦਾ ਹੈ।

**ਪ੍ਰਿਥੀ ਚੰਦ:** ਕੀ ਤੁਸੀਂ ਦੋਵੇਂ ਇੰਜੀਨੀਅਰ ਹੋ? ਮੇਰਾ ਮਤਲਬ ਵਿਗਿਆਨੀ?

**ਲਖਵੀਰ ਕੌਰ:** ਬਿਲਕੁਲ ਨਹੀਂ। ਮੈਂ ਇਕ ਐਨ.ਜੀ.ਓ. ਚਲਾਉਂਦੀ ਹਾਂ ਜਿਹੜੀ ਸੜਕ 'ਤੇ ਗੁਜ਼ਾਰਾ ਕਰਨ ਵਾਲੇ ਬੱਚਿਆਂ ਦੀਆਂ ਤਕਲੀਫਾਂ ਦੂਰ ਕਰਨ ਦੀ ਕੋਸ਼ਿਸ਼ ਕਰਦੀ ਹੈ।

**ਮਨੋਜ:** ਮੈਂ ਸਟਾਕ ਬ੍ਰੋਕਰ ਹਾਂ। ਪਰ, ਤੁਹਾਨੂੰ ਇਹ ਕਿਉਂ ਲੱਗਿਆ ਕਿ ਅਸੀਂ ਇੰਜੀਨੀਅਰ ਜਾਂ ਵਿਗਿਆਨੀ ਹਾਂ?

**ਪ੍ਰਿਥੀ ਚੰਦ:** ਮੈਂ ਸੋਚਿਆ ਤੁਹਾਨੂੰ ਇਨ੍ਹਾਂ ਗੱਲਾਂ ਦੀ ਐਨੀ ਜਾਣਕਾਰੀ ਹੈ ਤਾਂ... ਜ਼ਰੂਰ ਹੀ ਤੁਸੀਂ..?

**ਲਖਵੀਰ ਕੌਰ:** ਇੰਜੀਨੀਅਰ ! ਪ੍ਰਿਥੀ ਚੰਦ ਜੀ, ਲੱਗਦਾ ਐ ਤੁਸੀਂ ਸਾਡੀਆਂ ਰੁਖੀਆਂ-ਰੁਖੀਆਂ ਗੱਲਾਂ ਤੋਂ ਬੋਰ ਹੋ ਰਹੇ ਹੋ।

**ਪ੍ਰਿਥੀ ਚੰਦ:** ਨਹੀਂ..ਨਹੀਂ। ਅਜਿਹਾ ਨਹੀਂ। ਪਰ..।

**ਲਖਵੀਰ ਕੌਰ:** ਚਲੋ ਕੁਝ ਹੋਰ ਕਰਦੇ ਹਾਂ। ਗੀਤ ਸੁਣਨਾ ਪਸੰਦ ਹੈ ਤੁਹਾਨੂੰ ? ਕਿ... ਸ਼ਾਇਦ ਕੁਝ ਪੁਰਾਣੇ ਗੀਤ ਚੰਗੇ ਲੱਗਦੇ ਹੋਣ... ਸ਼ਕੀਲ! ਉਹ ਗੀਤ ਲਗਾਉ.. ਪਾਕੀਜ਼ਾ ਦਾ। ਉਹੀ ਜਿਹੜਾ ਮੈਂ ਪਿਛਲੇ ਹਫ਼ਤੇ ਲੋਡ ਕੀਤਾ ਸੀ।

**(ਕੁਝ ਦੇਰ ਗੀਤ ਚੱਲਦਾ ਹੈ। ਪ੍ਰੋਡਿਊਸਰ ਆਪਣੀ ਪਸੰਦ ਦੇ ਮੁਤਾਬਿਕ ਗੀਤ ਬਦਲ ਵੀ ਸਕਦੇ ਹਨ)**

**ਸ਼ਕੀਲ (ਖਿਝ ਕੇ):** ਇਹ ਲੋਕ... **(ਬ੍ਰੇਕ ਲਗਾਉਣ 'ਤੇ ਕਾਰ ਝਟਕੇ ਨਾਲ ਰੁਕਦੀ ਹੈ)** ਇਹ ਨਲਾਇਕ ਲੋਕ ਕਦੇ ਨਹੀਂ ਸੁਧਰਨਗੇ। ਹਮੇਸ਼ਾ ਕੋਈ ਨਾ ਕੋਈ ਮੁਸਿਬਤ ਖੜ੍ਹੀ ਕਰਦੇ ਰਹਿੰਦੇ ਹਨ।

**ਪ੍ਰਿਥੀ ਚੰਦ:** ਕਿਉਂ ! ਕੀ ਹੋ ਗਿਆ ?

**ਸ਼ਕੀਲ:** ਦੇਖੋ! ਪੂਰੀ ਸੜਕ 'ਤੇ ਕੱਚ ਪਿਆ ਹੈ। ਇਕ ਸਕਿੰਟ ਵੀ ਲੇਟ ਹੋ ਜਾਂਦਾ ਤਾਂ ਕਾਰ ਦੇ ਟਾਈਰ ਪੰਚਰ ਹੋ ਜਾਂਦੇ।

**ਲਖਵੀਰ ਕੌਰ:** ਤੁਸੀਂ ਸਾਨੂੰ ਬਚਾ ਲਿਆ ਸ਼ਕੀਲ !

**ਸ਼ਕੀਲ:** ਰੁਕੋ... ਮੈਨੂੰ ਕਾਰ ਵਾਪਿਸ ਪਿੱਛੇ ਲੈ ਕੇ ਉਸ ਪਾਸੇ ਤੋਂ ਘੁੰਮ ਕੇ ਲਿਆਉਣੀ ਪਏਗੀ।

**ਮਨੋਜ:** ਮੈਂ ਸੋਚ ਰਿਹਾ ਹਾਂ ਜੇਕਰ ਕੁਝ ਹਫ਼ਤੇ ਪਹਿਲਾਂ ਅਜਿਹਾ ਹੋਇਆ ਹੁੰਦਾ ਤਾਂ ਕੀ ਹਾਲਤ ਹੁੰਦੀ।

**ਪ੍ਰਿਥੀ ਚੰਦ:** ਅਜਿਹਾ ਕਿਉਂ ਆਖ ਰਹੇ ਹੋ ? ਅਜਿਹੀ ਕੀ ਗੱਲ ਹੋ ਗਈ ਸੀ ਪਿਛਲੇ ਹਫ਼ਤੇ?

**ਸ਼ਕੀਲ:** ਸਮਝ ਗਿਆ ਸਰ! ਤੁਸੀਂ ਕੋਹਰੇ ਦੀ ਗੱਲ ਕਰ ਰਹੇ ਹੋ ਸ਼ਾਇਦ?

**ਮਨੋਜ:** ਬਿਲਕੁਲ ਸਹੀ। ਇਸ ਸੜਕ 'ਤੇ ਸਵੇਰੇ 10 ਵਜੇ ਵੀ ਕੁਝ ਦਿਖਾਈ ਨਹੀਂ ਸੀ ਦਿੰਦਾ।

**ਪ੍ਰਿਥੀ ਚੰਦ:** ਠੀਕ ਹੈ। ਹੁਣ ਤਾਂ ਹਰ ਸਿਆਲ ਦੇ ਮੌਸਮ ਵਿਚ ਇਹ ਇਕ ਆਮ ਜਿਹਾ ਵਰਤਾਰਾ ਹੋ ਗਿਆ ਹੈ।

**ਲਖਵੀਰ ਕੌਰ:** (ਹੱਸਦੇ ਹੋਏ): ਪਰ ! ਪ੍ਰਿਥੀ ਚੰਦ ਜੀ! ਇਨ੍ਹਾਂ ਪੂਰੇ ਹਾਲਤਾਂ ਦੇ ਲਈ ਅਸੀਂ ਹੀ ਜ਼ਿੰਮੇਵਾਰ ਹਾਂ।

**ਪ੍ਰਿਥੀ ਚੰਦ:** ਤੁਹਾਡਾ ਮਤਲਬ ਪਥਰਾਹਟੀ ਬਾਲਣਾਂ ਨੂੰ ਜਲਾਉਣ ਤੋਂ ਹੈ?

**ਲਖਵੀਰ ਕੌਰ:** ਬਿਲਕੁਲ ! ਸਾਡੀ ਰਾਜਧਾਨੀ ਦਿੱਲੀ ਬਾਰੇ ਸੋਚੋ। ਜਦੋਂ ਕੋਹਰਾ ਸੰਘਣਾ ਹੋ ਜਾਂਦਾ ਹੈ ਅਤੇ ਹਟਣ ਦਾ ਨਾ ਹੀ ਨਹੀਂ ਲੈਂਦਾ, ਉਦੋਂ ਉਥੋਂ ਦੇ ਲੋਕ ਬਹੁਤ ਜ਼ਿਆਦਾ ਪ੍ਰੇਸ਼ਾਨ ਹੁੰਦੇ ਹਨ।

**ਮਨੋਜ:** ਸਕੂਲ ਬੰਦ, ਹਰ ਪਾਸੇ ਟ੍ਰੈਫਿਕ ਜਾਮ... ਜ਼ਿੰਦਗੀ ਜਿਵੇਂ ਰੁਕ ਹੀ ਜਾਂਦੀ ਹੈ।

**ਪ੍ਰਿਥੀ ਚੰਦ:** ਪਰ, ਕਹਿੰਦੇ ਹਨ ਇਸ ਵਾਰ ਤਾਂ ਦਿਵਾਲੀ 'ਤੇ ਪਟਾਕੇ ਚਲਾਉਣ ਦੇ ਕਾਰਨ ਇਹ ਸਮੱਸਿਆ ਖੜ੍ਹੀ ਹੋਈ ਸੀ।

**ਮਨੋਜ :** ਕਹਿੰਦੇ ਤਾਂ ਇਹ ਵੀ ਸਨ ਕਿ ਪੰਜਾਬ ਵਿੱਚ ਪਰਾਲੀ ਜਲਾਉਣ ਕਾਰਨ ਵਾਪਰਿਆ ਸੀ ਇਹ ਕਾਂਡ !

**ਲਖਵੀਰ ਕੌਰ:** ਹਾਂ ! ਉਂਜ ਪਰਾਲੀ ਵਾਲੀ ਗੱਲ ਕਦੀ ਸਮਝ ਨਹੀਂ ਪਈ! ਪੰਜਾਬ ਜਾਂ ਪੰਜਾਬ ਦੇ ਨਾਲ ਲਗਦੇ ਹਰਿਆਣੇ ਵਿੱਚ ਤਾਂ ਕੋਹਰਾ ਪਿਆ ਨਹੀਂ ! ਕਮਾਲ ਐ! ਪਰਾਲੀ ਸਾੜਣ ਦੀ ਮਾਰ ਦਿੱਲੀ ਨੂੰ ਪੈ ਗਈ ! ਅਸਲੀ ਗੁਨਾਹਗਾਰ ਕੋਲਾ, ਡੀਜ਼ਲ, ਪੈਟਰੋਲ ਵਾਰਗੇ ਖਣਿਜ ਤੇਲ ਹਨ, ਉਨ੍ਹਾਂ ਨੂੰ ਭੁੱਲ ਹੀ ਗਏ, ਦਿੱਲੀ ਵਾਲਿਆਂ ਦੀਆਂ ਵੱਡੀਆਂ ਵੱਡੀਆਂ ਲੱਖਾਂ ਗੱਡੀਆਂ ਦੀ ਗੱਲ ਹੀ ਨਹੀਂ ਕੀਤੀ !

**ਸ਼ਕੀਲ:** ਮੈਡਮ! ਮੈਨੂੰ ਯਾਦ ਹੈ ਦਿੱਲੀ ਦੇ ਹੀ ਇਕ ਡਾਕਟਰ ਨੇ ਦੱਸਿਆ ਸੀ ਕਿ ਦਿੱਲੀ ਸ਼ਹਿਰ ਦੀ ਹਵਾ ਵਿੱਚੋਂ ਜੋ ਧੂੰਆਂ ਰੋਜਾਨਾ ਸਾਡੇ ਅੰਦਰ ਚਲਿਆ ਜਾਂਦਾ ਹੈ ਉਹ ਦਸ ਸਿਗਰੇਟ ਪੀਣ ਦੇ ਬਰਾਬਰ ਹੈ। ਮਤਬਲ ਬੀੜੀ, ਸਿਗਰੇਟ ਛੱਡਣ 'ਤੇ ਵੀ ਇਸ ਹਾਨੀਕਾਰਕ ਧੂੰਏਂ ਤੋਂ ਬਚਣਾ ਮੁਸ਼ਕਲ !

**ਮਨੋਜ:** ਦਿੱਲੀ ਵਿੱਚ ਤਾਂ 2002 ਤੋਂ 2012 ਤੱਕ ਗੱਡੀਆਂ ਦੀ ਗਿਣਤੀ 97% ਵਧੀ ਹੈ। ਜਿਸ ਦੇ ਕਾਰਨ ਪ੍ਰਦੂਸ਼ਣ ਵਿਚ ਤਾਂ ਬਹੁਤ ਵਾਧਾ ਹੋਇਆ ਹੀ, ਨਾਲ ਹੀ ਜ਼ਹਿਰੀਲੇ ਧੂੰਏ ਦਾ ਵੀ ਸਿੱਧਾ ਸਾਹਮਣਾ ਕਰਨਾ ਪੈਂਦਾ ਹੈ। ਕੋਹਰਾ ਤਾਂ ਸਿਰਫ਼ ਉਹ ਅਸਰ ਹੈ ਜਿਹੜਾ ਸਾਨੂੰ ਨਜ਼ਰ ਆ ਜਾਂਦਾ ਹੈ।

**ਪ੍ਰਿਥੀ ਚੰਦ:** ਪਰ, ਅਸੀਂ ਕਰ ਵੀ ਕੀ ਸਕਦੇ ਹਾਂ? ਤਰੱਕੀ ਵਾਸਤੇ ਜ਼ਿਆਦਾ ਕਾਰਾਂ ਦੀ ਜ਼ਰੂਰਤ ਤਾਂ ਰਹੇਗੀ ਹੀ !

**ਲਖਵੀਰ ਕੌਰ:** ਨਹੀਂ ਜੀ ! ਇੰਨੀਆਂ ਕਾਰਾਂ ਦੀ ਤਾਂ ਜਰੂਰਤ ਹੀ ਨਹੀਂ। ਪਰ ਇਸਦੇ ਬਾਵਜੂਦ ਵੀ ਜਿਥੋਂ ਤੱਕ ਕੁਝ ਚੰਗਾ ਕਰਨ ਦੀ ਗੱਲ ਹੈ ਤਾਂ ਕਰਿਆ ਜਾ ਸਕਦਾ ਹੈ। ਉਹ ਅਸੀਂ ਹੁਣ ਇਸ ਵਕਤ ਕਰ ਹੀ ਰਹੇ ਹਾਂ।

**ਮਨੋਜ:** ਮੈਂ ਸਮਝਿਆ ਨਹੀਂ...।

**ਲਖਵੀਰ ਕੌਰ:** ਹੁਣ ਅਸੀਂ ਤਿੰਨ ਕਾਰਾਂ ਦੇ ਥਾਂ ਇਕ ਵਿਚ ਹੀ ਸਫ਼ਰ ਕਰ ਰਹੇ ਹਾਂ। ਇਹੀ ਹੈ ਸ਼ੇਅਰਿੰਗ ਜਾਂ ਕਾਰ-ਪੂਲਿੰਗ, ਦਰਅਸਲ ਪ੍ਰਦੂਸ਼ਣ ਨੂੰ ਘਟਾਉਣ ਵਿਚ ਵੀ ਇਹ ਸਹਾਈ ਹੈ ਤੇ ਟਿਕਾਊ ਜ਼ਿੰਦਗੀ ਜਿਉਣ ਦਾ ਇਕ ਤਰੀਕਾ ਵੀ ਹੈ।

**ਪ੍ਰਿਥੀ ਚੰਦ:** ਠੀਕ ਹੈ, ਪਰ ਸਾਡੇ ਵਿਚੋਂ ਜ਼ਿਆਦਾਤਰ ਲੋਕ ਆਪਣੀ ਕਾਰ ਨੂੰ ਹੀ ਪਸੰਦ ਕਰਦੇ ਹਨ। ਉਨ੍ਹਾਂ ਨੂੰ ਸ਼ੇਅਰਿੰਗ ਚੰਗੀ ਨਹੀਂ ਲੱਗਦੀ।

**ਲਖਵੀਰ ਕੌਰ:** ਮੈਂ ਇਹ ਨਹੀਂ ਆਖ ਰਹੀ ਕਿ ਸਾਰੇ ਆਪਣੀਆਂ ਕਾਰਾਂ ਵੇਚ ਦੇਣ। ਮੈਂ ਤਾਂ ਸ਼ੇਅਰਿੰਗ ਦੇ ਪਿੱਛੇ ਭਾਵਨਾ ਦੀ ਕਰ ਰਹੀ ਹਾਂ ਗੱਲ! ਇਸ ਨਾਲ ਕਿਸੇ ਵੀ ਦਿਨ ਸਾਰੀਆਂ ਗੱਡੀਆਂ ਇਕੱਠੀਆਂ ਸੜਕਾਂ 'ਤੇ ਨਹੀਂ ਹੋਣਗੀਆਂ! ਸੇਅਰਿੰਗ ਦੀ ਬਦੌਲਤ ਇਕ ਹੀ ਕਾਰ ਵਿਚ ਦੋ ਜਾਂ ਤਿੰਨ ਮੁਸਾਫਰ ਹੋਣਗੇ। ਗੱਡੀਆਂ ਦੀ ਵਰਤੋਂ ਵਾਰੀ-ਵਾਰੀ ਕੀਤੀ ਜਾ ਸਕਦੀ ਹੈ। ਅੱਜ ਮੇਰੀ ਕਾਰ, ਕੱਲ੍ਹ ਨੂੰ ਤੁਹਾਡੀ ਅਤੇ ਅਗਲੇ ਦਿਨ ਮਨੋਜ ਜੀ ਦੀ ਕਾਰ। ਇਸੇ ਤਰ੍ਹਾਂ ਚੱਲਦਾ ਰਹੇਗਾ।

**ਮਨੋਜ:** ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ। ਇਸ ਤਰ੍ਹਾਂ ਤਾਂ ਅਸੀਂ ਤੇਲ ਦੀ ਬਚਤ ਕਰ ਸਕਦੇ ਹਾਂ, ਖਰਚਾ ਵੀ ਘਟਾ ਸਕਦੇ ਹਾਂ ਤੇ ਪ੍ਰਦੂਸ਼ਣ ਵੀ ਘੱਟ !

**ਪ੍ਰਿਥੀ ਚੰਦ:** ਆਹ... ਕੀ ਤੁਹਾਡੀ ਕਾਰ ਹਾਏਬ੍ਰਿਡ ਹੈ?

**ਲਖਵੀਰ ਕੌਰ:** ਜੇਕਰ ਤੁਹਾਡਾ ਮਤਲਬ ਹੈ - ਡੀਜ਼ਲ ਪਲੱਸ ਬਿਜਲੀ ਤਾਂ ਇਹ ਹਾਏਬ੍ਰਿਡ ਨਹੀਂ ਹੈ।

**ਪ੍ਰਿਥੀ ਚੰਦ:** ਮੈਂ ਹਾਏਬ੍ਰਿਡ ਕਾਰ ਬਾਰੇ ਪੜ੍ਹਿਆ ਸੀ ਕਿ ਇੰਜ਼ਣ ਬੰਦ ਕਰਕੇ ਕਾਰ ਨੂੰ ਘੱਟ ਸਪੀਡ ਨਾਲ ਕੇਵਲ ਬਿਜਲਈ ਮੋਟਰ 'ਤੇ ਚਲਾਇਆ ਜਾ ਸਕਦਾ ਹੈ। ਜਦੋਂ ਜ਼ਿਆਦਾ ਗਤੀ ਦੀ ਜ਼ਰੂਰਤ ਹੋਵੇ ਤਾਂ ਦੋਵੇਂ ਇਕੱਠੇ ਕੰਮ ਕਰਦੇ ਹਨ। ਵਿਚ-ਵਿਚ ਇੰਜਣ ਦੀ ਪਾਵਰ, ਬੈਟਰੀ ਨੂੰ ਰੀਚਾਰਜ ਕਰਨ ਵਿਚ ਇਸਤੇਮਾਲ ਹੋ ਜਾਂਦੀ ਹੈ। ਬੈਟਰੀ ਬਹੁਤ ਵੱਡੀ ਹੁੰਦੀ ਹੈ। ਜਿਸ ਨਾਲ ਬਿਜਲਈ ਮੋਟਰ, ਕਾਰ ਨੂੰ 1.25 ਮੀਲ ਤੱਕ ਚਲਾ ਸਕਦੀ ਹੈ।

**ਲਖਵੀਰ ਕੌਰ:** ਹਾਂ, ਇਹ ਮੈਂ ਵੀ ਪੜ੍ਹਿਆ ਸੀ। ਬਹੁਤ ਮਹਿੰਗਾ ਮਾਡਲ ਹੈ।

ਮਨੋਜ: ਠੀਕ ਹੈ !। ਇਹ ਮਾਡਲ ਅਜੇ ਬਹੁਤ ਮਹਿੰਗੇ ਹਨ। ਬਹੁਤ ਘੱਟ ਲੋਕ ਹੀ ਖਰੀਦ ਸਕਦੇ ਨੇ ਇਨ੍ਹਾਂ ਨੂੰ !

**ਲਖਵੀਰ ਕੌਰ:** ਮੇਰੀ ਕਾਰ ਵਿਚ ਤਾਂ ਸਰਲ ਜਿਹਾ ਸੁਮੇਲ ਹੈ ਪੈਟਰੋਲ ਅਤੇ ਗੈਸ - ਸੀ.ਐਨ.ਜੀ. ਦਾ।

**ਪ੍ਰਿਥੀ ਚੰਦ:** ਪੱਕਾ ਤਾਂ ਨਹੀਂ ਪਤਾ ਪਰ, ਇਹ ਦਬਾ ਹੇਠ ਭਰੀ ਕੁਦਰਤੀ ਗੈਸ ਮਤਲਬ ਸੀ.ਐਨ.ਜੀ. ਵੀ ਤਾਂ ਪਥਰਾਟੀ ਬਾਲਣ ਹੈ। ਤਾਂ ਕੀ ਇਸ ਨਾਲ ਪ੍ਰਦੂਸ਼ਣ ਨਹੀਂ ਹੁੰਦਾ?

**ਮਨੋਜ:** ਠੀਕ ਹੈ ਕਿ ਇਹ ਵੀ ਪਥਰਾਹਟੀ ਬਾਲਣ ਹੈ! ਪਰ ਸ਼ਾਇਦ ਤੁਸੀਂ ਸੀ.ਐਨ.ਜੀ. 'ਤੇ ਹੋਈਆਂ ਸਾਰੀਆਂ ਗੱਲਾਂ ਨਹੀਂ ਸੁਣੀਆਂ। ਆਵਾਜਾਈ ਲਈ ਇਸ ਵਕਤ ਇਹ ਸਭ ਤੋਂ ਵੱਧ ਸਾਫ਼-ਸੁਥਰਾ ਬਾਲਣ ਹੈ। ਕਾਰਬਨ ਦੀ ਘੱਟ ਮਾਤਰਾ ਦੇ ਕਾਰਨ ਸੀ.ਐਨ.ਜੀ. ਜ਼ਿਆਦਾ ਸ਼ੁੱਧਤਾ ਨਾਲ ਬਲਦੀ ਹੈ। ਸੀ.ਐਨ.ਜੀ. ਨਾਲ ਹੋਣ ਵਾਲੇ ਉਤਸਰਜਨ ਦੀ ਮਾਤਰਾ ਵੀ ਕਾਫੀ ਘੱਟ ਹੁੰਦੀ ਹੈ। ਇਸ ਵਿਚ ਪੈਟਰੋਲ ਦੇ ਮੁਕਾਬਲੇ ਪ੍ਰਦੂਸ਼ਣਕਾਰੀ ਤੱਤ ਬਹੁਤ ਘੱਟ ਹੁੰਦੇ ਹਨ।

**ਲਖਵੀਰ ਕੌਰ:** ਪਰ, ਪ੍ਰਿਥੀ ਚੰਦ ਜੀ ਦਾ ਆਖਣਾ ਵੀ ਸਹੀ ਹੈ, 2010 ਵਿਚ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਕਿਹਾ ਸੀ ਕਿ, ਹਵਾ ਵਿੱਚ ਲਟਕੇ ਕਣਾਂ (ਪ੍ਰਟੀਕੁਲੇਟ ਮੈਟਰ ਭਾਵ ਮਹੀਨ ਕਣ) ਦਾ 7% ਸੀ.ਐਨ.ਜੀ. ਵਾਹਨਾਂ ਤੋਂ ਨਿੱਕਲਦਾ ਹੈ । ਅਧਿਐਨ ਦੇ ਮੁਤਾਬਿਕ ਰਾਜਧਾਨੀ ਦੇ ਕੁੱਲ ਨਾਈਟ੍ਰੋਜਨ ਡਾਈਆਕਸਾਈਡ ਦੇ ਪ੍ਰਦੂਸ਼ਨ ਵਿਚ ਸੀ.ਐਨ.ਜੀ. ਨਾਲ ਚੱਲਣ ਵਾਲੀਆਂ ਗੱਡੀਆਂ ਵੱਲੋਂ 10% ਦੀ ਹਿੱਸੇਦਾਰੀ ਪਾਈ ਜਾਂਦੀ ਹੈ ।

**ਪ੍ਰਿਥੀ ਚੰਦ: (ਫੋਨ ਦੀ ਘੰਟੀ ਵੱਜਣ 'ਤੇ ਗੱਲ ਕਰਦਾ ਹੈ)** ਹਾਂ... ਠੀਕ ਹੈ... ਪਰ .... ਪਰ, ਕਿਉਂ... ਨਹੀਂ ਨਹੀਂ, ਅਸੀਂ ਇਸ ਮਾਮਲੇ ਵਿਚ ਕੁਝ ਨਹੀਂ ਕਰ ਸਕਦੇ ਉਹ ਅਸੀਂ ਦੇਖਾਂਗੇ। (**ਫੋਨ ਬੰਦਾ ਕਰਦਾ ਹੈ।**) ਸੌਰੀ! (ਮਾਫ ਕਰਨਾ) ਦਫ਼ਤਰ ਵਲੋਂ ਫੋਨ ਸੀ। ਮੇਰੀ ਐਕਸਪੋਰਟ ਏਜੰਸੀ ਹੈ।

**ਮਨੋਜ:** ਕੋਈ ਖ਼ਾਸ ਗੱਲ?

**ਪ੍ਰਿਥੀ ਚੰਦ:** ਸੈਕਟਰੀ ਨੇ ਦੱਸਿਆ ਸਾਡੇ ਗਾਹਕ ਨੇ ਅੱਜ ਦੀ ਮੀਟਿੰਗ ਕੈਂਸਲ ਕਰ ਦਿੱਤੀ ਹੈ, ਤਾਂ ਹੁਣ ਮੈਨੂੰ (ਹੱਸਦੇ ਹੋਏ) ਟਾਈਮ ਦਾ ਕੋਈ ਖਦਸ਼ਾ ਨਹੀਂ।

**ਲਖਵੀਰ ਕੌਰ:** (ਹੱਸ ਕੇ) ਤਾਂ ਇਸ ਦਾ ਮਤਲਬ ! ਸੜਕ ਕਿਨਾਰੇ ਕਿਸੇ ਢਾਬੇ 'ਤੇ ਰੁਕ ਕੇ ਚਾਹ ਪੀ ਲਈ ਜਾਏ।

**ਮਨੋਜ:** ਚਾਹ ? ਹੁਣੇ ?

**ਲਖਵੀਰ ਕੌਰ:** ਹੁਣ ਜਦ ਪ੍ਰਿਥੀ ਚੰਦ ਜੀ ਕੋਲ ਟਾਈਮ ਹੈ ਤਾਂ ਅੱਜ ਦੀ ਸਮੂਹਿਕ ਯਾਤਰਾ ਦੇ ਜਸ਼ਨ ਮਨਾਉਣ ਵਿਚ ਕੀ ਹਰਜ ਹੈ। ਜੇ ਤੁਸੀਂ 10 ਮਿੰਟ ਦਿਓ ਤਾਂ ਵਧੀਆ ਟੀ ਪਾਰਟੀ ਹੋ ਜਾਏ! ਕੀ ਖਿਆਲ ਹੈ? (ਸਾਰੇ ਹੱਸਦੇ ਹਨ।)

**ਮਨੋਜ:** ਨਹੀਂ ਜੀ ਅਜਿਹੀ ... ਕੋਈ ਖਾਸ ਗੱਲ ਨਹੀਂ। ਦਫ਼ਤਰ ਮੇਸੈਜ ਕਰ ਦਿੰਦਾ ਹਾਂ ਕਿ 10 ਮਿੰਟ ਲੇਟ ਹੋ ਜਾਵਾਂਗਾ। ਲਖਵੀਰ ਕੌਰ ਮੈਡਮ, ਦੀ ਮਿਹਰਬਾਨੀ ਨਾਲ। (ਹੱਸਦਾ ਹੈ)

**ਲਖਵੀਰ ਕੌਰ:** ਤਾਂ ਠੀਕ ਹੈ ਸ਼ਕੀਲ! ਸਾਡੇ ਲਈ ਕੋਈ ਵਧੀਆ ਜਿਹੀ ਟੀ ਸਟਾਲ ਦੇਖੋ।

ਸ਼ਕੀਲ: ਅੱਗੇ 500 ਮੀਟਰ 'ਤੇ ਇਕ ਟੀ ਸਟਾਲ ਹੈ।

**(ਕਾਰ ਤੇਜ਼ੀ ਨਾਲ ਅੱਗੇ ਵਧਦੀ ਹੈ। ਕੁਝ ਸੈਕਿੰਡ ਚੱਲਦੀ ਕਾਰ ਦੀ ਆਵਾਜ਼ ਜਾਰੀ ਰਹਿੰਦੀ ਹੈ। ਫਿਰ ਬੰਦ ਹੋ ਜਾਂਦੀ ਹੈ। ਦਰਵਾਜੇ ਖੁੱਲ੍ਹਣ ਅਤੇ ਬੰਦ ਹੋਣ ਦੀ ਆਵਾਜ਼)**

**ਸ਼ਕੀਲ:** ਭੈਣ ਜੀ, ਸਾਡੇ ਲਈ ਚਾਹ ਬਣਾਉ। ਆਉ ਮੈਡਮ, ਆਉ ਸਰ, ਆਉ। ਬੈਠਣ ਲਈ ਜਗ੍ਹਾ ਹੈ।

**ਲੱਛਮੀ:** ਹਾਂ ਜੀ, ਦੋ ਮਿੰਟ। ਚੁੱਲ੍ਹਾ ਬਸ ਹੁਣੇ ਬਾਲਿਆ ਹੈ। ਬੈਠੋ। ਤੁਹਾਨੂੰ ਗਰਮਾ-ਗਰਮ ਚਾਹ ਪਿਲਾਉਂਦੀ ਹਾਂ।

**ਮਨੋਜ:** ਚੁੱਲ੍ਹਾ ਜਲਾਉਣ ਦਾ ਐਲਾਣ ਕਰਨ ਦੀ ਕੀ ਜ਼ਰੂਰਤ ਸੀ। ਧੂੰਆ ਵੈਸੇ ਵੀ ਸਭ ਕੁਝ ਬਿਆਨ ਕਰ ਰਿਹਾ ਹੈ।

**ਲਖਵੀਰ ਕੌਰ:** ਓਹ ! ਕੀ ਪ੍ਰੇਸ਼ਾਨੀ ਹੈ। ਸੁਣੋ... ਕੀ ਨਾਮ ਹੈ ਤੁਹਾਡਾ?

**ਲੱਛਮੀ:** ਲੱਛਮੀ! ਮੇਰਾ ਨਾਮ ਲੱਛਮੀ ਹੈ ਮੈਡਮ।

**ਲਖਵੀਰ ਕੌਰ:** ਅੱਛਾ ਲੱਛਮੀ। ਇਸ ਧੂੰਏ ਦਾ ਕੁਝ ਕਰ ਸਕਦੀ ਹੈਂ ? ਇੰਨੇ ਧੂੰਏ ਵਿਚ ਤਾਂ ਅਸੀਂ ਤੁਹਾਡੀ ਚਾਹ ਦਾ ਮਜ਼ਾ ਵੀ ਨਹੀਂ ਲੈ ਸਕਦੇ।

**ਲੱਛਮੀ:** ਨਰਾਜ਼ ਨਾ ਹੋਵੋ ਮੈਡਮ। ਧੂੰਆ ਹੁਣੇ ਚਲਾ ਜਾਂਦਾ ਹੈ। ਓ ਬਬਲੂ! ਕੁਰਸੀਆਂ ਉਸ ਪਾਸੇ ਲਗਾ... ਮੈਡਮ, ਤੁਸੀਂ ਉਧਰ ਬੈਠੋ... ਉਥੇ ਧੂੰਆ ਨਹੀਂ ਆਏਗਾ।

**ਪ੍ਰਿਥੀ ਚੰਦ:** ਕੋਲਾ ਸਭ ਤੋਂ ਜ਼ਿਆਦਾ ਵਰਤਿਆ ਜਾਣ ਵਾਲਾ ਪਥਰਾਟੀ ਬਾਲਣ ਹੈ। ਚਾਂਦਨੀ ਚੌਕ ਤੋਂ ਲੈ ਕੇ ਚਾਈਨਾ ਤੱਕ ਹਰ ਜਗ੍ਹਾ ਇਹੀ ਹਾਲ ਹੈ ਲਖਵੀਰ ਕੌਰ ਜੀ।

**ਸ਼ਕੀਲ:** ਸਰ, ਤੁਸੀਂ ਚਾਈਨਾ ਦਾ ਜ਼ਿਕਰ ਕੀਤਾ ਹੈ ਤਾਂ.... ਹੁਣੇ ਹੀ ਮੇਰੇ ਚਾਚੇ ਦੇ ਮੁੰਡੇ ਦੀ ਨੌਕਰੀ ਬੀਜ਼ਿੰਗ ਵਿਚ ਲੱਗੀ ਹੈ। ਉਸ ਨੇ ਆਪਣੀ ਮਾਂ ਨੂੰ ਖਤ ਵਿਚ ਲਿਖਿਆ ਹੈ ਕਿ ਇਥੇ ਧੂੰਏ ਦੇ ਕਾਰਨ ਸਾਹ ਘੁਟ ਜਾਂਦਾ ਹੈ। ਰੋਜ਼ ਸਵੇਰੇ ਲੋਕ ਮੂੰਹ 'ਤੇ ਮਾਸਕ ਲਗਾ ਕੇ ਨਿਕਲਦੇ ਹਨ। ਡਰਾਈਵਿੰਗ ਕਰਨੀ ਵੀ ਮੁਸ਼ਕਲ।

**ਲਖਵੀਰ ਕੌਰ:** ਚੀਨ ਵਿਚ ਤਾਂ ਕੋਲਾ ਲਗਭਗ 40% ਜਾਨਲੇਵਾ ਬਾਰੀਕ ਮੈਟਰ ( ਪੀ .ਐਮ.) ਦੇ ਲਈ ਜ਼ਿੰਮੇਵਾਰ ਹੈ। ਉਥੋਂ ਦੇ ਵਾਤਾਵਰਨ ਵਿਚ ਇਹ ਪੀ.ਐਮ. 2.5 ਮਾਪਿਆ ਗਿਆ ਹੈ।

ਸ਼ਕੀਲ: ਪੀ.ਐਮ. ਕੀ ਹੁੰਦਾ ਹੈ, ਮੈਡਮ?

**ਲਖਵੀਰ ਕੌਰ:** ਪੀ.ਐਮ. ਦਾ ਮਤਲਬ ਹੈ ਪਾਟੀਕੁਲੇਟ ਮੈਟਰ। ਉਹ ਬਹੁਤ ਹੀ ਬਾਰੀਕ-ਬਾਰੀਕ ਜਿਹੇ ਕਣ ਹੁੰਦੇ ਨੇ ਜਿਹੜੇ ਤੇਜ਼ੀ ਨਾਲ ਲੰਘਦੀਆਂ ਕਾਰਾਂ ਅਕਸਰ ਪਿੱਛੇ ਛੱਡ ਜਾਂਦੀਆਂ ਹਨ। ਚੰਗਾ, ਸ਼ਕੀਲ ਸੁਣੋ... ਕਾਰ ਨੂੰ ਕਿਸੇ ਛਾਂ-ਦਾਰ ਜਗ੍ਹਾ 'ਤੇ ਖੜ੍ਹਾ ਕਰ ਲਵੋ.. ਨਹੀਂ ਤਾਂ ਤਪ ਜਾਏਗੀ। ਸਾਨੂੰ ਜ਼ਿਆਦਾ ਏ.ਸੀ. ਚਲਾਉਣਾ ਪਏਗਾ।

**ਸ਼ਕੀਲ:** ਹੁਣੇ ਕਰ ਦਿੰਦਾ ਹਾਂ, ਮੈਡਮ।

**ਮਨੋਜ:** ਏ.ਸੀ. ਮਸ਼ੀਨਾਂ, ਬਿਜਲੀ ਦੇ ਯੰਤਰ ਜਾਂ ਬਿਜਲੀ ਨਾਲ ਚੱਲਣ ਵਾਲੀ ਕੋਈ ਵੀ ਚੀਜ਼।ਸਾਨੂੰ ਆਉਣਾ ਤਾਂ ਕੋਲੇ 'ਤੇ ਹੀ ਪੈਂਦਾ ਹੈ ਬਿਜਲੀ ਲਈ ਵੀ, ਵੈਕਲਪਿਕ ਊਰਜਾ ਬਾਬਤ ਸਾਰੀ ਬਹਿਸ ਤੇ ਰੌਲੇ ਰੱਪੇ ਦੇ ਬਾਵਜੂਦ ਅਸੀਂ ਬਹੁਤ ਹੱਦ ਤੱਕ ਨਿਰਭਰ ਤਾਂ ਕੋਲੇ 'ਤੇ ਹੀ ਹਾਂ।

**ਪ੍ਰਿਥੀ ਚੰਦ:** ਮੇਰੀ ਸਕੈਟਰੀ ਹਰ ਰੋਜ਼ ਅਖ਼ਬਾਰ ਬਹੁਤ ਗ਼ੌਰ ਨਾਲ ਪੜ੍ਹਦੀ ਹੈ। ਉਹ ਹਮੇਸ਼ਾ ਇੰਟਰਨੈਸ਼ਨਲ ਮੁੱਦਿਆਂ ਨੂੰ ਲੈ ਕੇ ਬਹੁਤ ਉਤਸ਼ਾਹਿਤ ਰਹਿੰਦੀ ਹੈ। ਮੈਨੂੰ ਇਕ ਦਿਨ ਚੀਨ ਵਿਚ ਕੋਲੇ ਦੀ ਵਰਤੋਂ ਨੂੰ ਲੈ ਕੇ ਕੁਝ ਅੰਕੜੇ ਦੱਸ ਰਹੀ ਸੀ।

**ਮਨੋਜ:** ਕੀ ਸਨ ਉਹ ਅੰਕੜੇ ? ਸਾਨੂੰ ਵੀ ਦੱਸੋ।

**ਪ੍ਰਿਥੀ ਚੰਦ:** ਉਹ ਦੱਸ ਰਹੀ ਸੀ, ਕਿ ਚੀਨ ਦੀ ਕੋਲੇ ਦੀ ਸਾਲਾਨਾ ਖਪਤ ਬਾਕੀ ਸਾਰੇ ਦੇਸ਼ਾਂ ਕੁੱਲ ਖਪਤ ਤੋਂ ਵੀ ਜਿਆਦਾ ਵ ਹੁੰਦੀ ਹੈ। ਕੋਲਾ ਜਲਾਉਣਾ ਉਥੇ ਪ੍ਰਦੂਸ਼ਣ ਅਤੇ ਗ੍ਰੀਨ ਹਾਊਸ ਗੈਸ ਪੈਦਾ ਹੋਣ ਦਾ ਸਭ ਤੋਂ ਵੱਡਾ ਕਾਰਨ ਹੈ।

**ਲਖਵੀਰ ਕੌਰ:** ਮੈਂ ਨਿਊਯਾਰਕ ਟਾਈਮਸ ਵਿਚ ਪੜ੍ਹਿਆ ਹੈ ਕਿ ਚੀਨ ਵਿਚ ਕੋਲੇ ਦੀ ਵਰਤੋਂ ਵਿਚ ਹੁਣ ਕਮੀ ਆਉਣ ਲੱਗੀ ਹੈ। ਚਲੋ, ਅਸੀਂ ਉਮੀਦ ਕਰਾਂਗੇ ਕਿ ਵੈਕਲਪਿਤ ਊਰਜਾ, ਛੇਤੀ ਹੀ ਕੋਲਾ ਅਤੇ ਪੈਟਰੋਲ ਦੀ ਥਾਂ ਲੈ ਲਏਗੀ।

**ਮਨੋਜ:** ਚੀਨ ਦੀ ਸਥਿਤੀ ਬਹੁਤ ਵਚਿੱਤਰ ਹੈ। ਇੱਕ ਪਾਸੇ ਫੋਟੋ ਵੋਲਟਿਕ ਪੈਨਲਾਂ ਰਾਹੀਂ ਸੂਰਜੀ ਊਰਜਾ ਤੋਂ ਬਿਜਲੀ ਪੈਦਾ ਕਰਨ ਵਾਲੇ ਦੇਸ਼ਾਂ ਵਿਚ ਚੀਨ ਸਭ ਤੋਂ ਉੱਪਰ ਹੈ। ਦੂਸਰੇ ਪਾਸੇ ਵੱਡੇ ਪੈਮਾਨੇ 'ਤੇ ਕੋਲਾ ਜਲਾਉਂਦੇ ਹੋਏ ਚੀਨ ਦੁਨੀਆਂ ਦਾ ਸਭ ਤੋਂ ਵੱਡਾ ਪ੍ਰਦੂਸ਼ਣਕਾਰੀ ਦੇਸ਼ ਬਣਿਆ ਹੋਇਆ ਹੈ।

**ਲੱਛਮੀ:** ਲਓ ਜੀ, ਗਰਮਾ-ਗਰਮ ਚਾਹ !

**ਲਖਵੀਰ ਕੌਰ:** ਵਾਹ!ਕਿਆ ਖੁਸ਼ਬੋ ਹੈ ! ਸ਼ੁਰੂ ਵਿਚ ਤਾਂ ਧੂੰਏ ਨੇ ਮੂਡ ਹੀ ਖਰਾਬ ਕਰ ਦਿੱਤਾ ਸੀ।

**ਮਨੋਜ:** ਲੱਛਮੀ ! ਤੁਸੀਂ ਮਿੱਟੀ ਦਾ ਤੇਲ ਕਿਉਂ ਨਹੀਂ ਵਰਤਦੇ ?

**ਲੱਛਮੀ:** ਕੋਸ਼ਿਸ਼ ਕੀਤੀ ਸੀ ਸਰ... ਪਰ ਮਿੱਟੀ ਦਾ ਤੇਲ ਅਸਾਨੀ ਨਾਲ ਨਹੀਂ ਮਿਲਦਾ। ਸਾਡੇ ਕੋਲ ਰਾਸ਼ਨ ਕਾਰਡ ਨਹੀਂ ਅਤੇ ਰਾਸ਼ਨ ਦੀ ਦੁਕਾਨ ਤੋਂ ਬਿਨਾ ਕਿਸੇ ਹੋਰ ਥਾਂ ਤੋਂ ਤਾਂ ਮਿੱਟੀ ਦਾ ਤੇਲ ਬਹੁਤ ਮਹਿੰਗਾ ਪੈਂਦਾ ਐ।

**ਲਖਵੀਰ ਕੌਰ:** ਪਰ, ਕੋਲੇ ਦੇ ਲਈ ਵੀ ਤਾਂ ਤੁਹਾਨੂੰ ਪੈਸੇ ਦੇਣੇ ਪੈਂਦੇ ਹੋਣਗੇ? ਫਿਰ ਉਹ ਕਿਵੇਂ ਕਰਦੇ ਹੋ?

**ਲੱਛਮੀ:** ਉਹ ਤਾਂ ਕਿਵੇਂ ਵੀ ਕਰਕੇ ਲੈ ਲੈਂਦੇ ਹਾਂ ਮੈਡਮ...ਤੁਸੀਂ ਆਰਾਮ ਨਾਲ ਚਾਹ ਪੀਓ! ਕੱਪ ਬਾਅਦ ਵਿਚ ਲੈ ਜਾਵਾਂਗ

**ਪ੍ਰਿਥੀ ਚੰਦ:** ਦੇਖਿਆ, ਉਹ ਤੁਹਾਡਾ ਸਵਾਲ ਕਿਵੇਂ ਟਾਲ ਗਈ !

**ਮਨੋਜ:** ਕਿਵੇਂ ਦੱਸੇ ਕਿ ਮਿੱਟੀ ਦਾ ਤੇਲ ਬਲੈਕ ਵਿੱਚ ਵਿੱਕਦਾ ਹੈ !

**ਪ੍ਰਿਥੀ ਚੰਦ:** ਤੇਲ ਦੇ ਬਿਨਾ ਤਾਂ ਕੰਮ ਚੱਲ ਹੀ ਨਹੀਂ ਸਕਦਾ, ਲਖਵੀਰ ਕੌਰ ਜੀ। ਦਿਨੋ-ਦਿਨ ਇਸ ਦੇ ਵਧਦੇ ਖਰਚੇ ਦੇ ਕਾਰਨ ਘਰ ਦਾ ਬਜਟ ਵੀ ਖਰਾਬ ਹੁੰਦਾ ਜਾ ਰਿਹਾ ਹੈ।

**ਮਨੋਜ:** ਅਤੇ ਲੱਛਮੀ ਜਿਹੇ ਗ਼ਰੀਬਾਂ ਨੂੰ ਜਿਹੜਾ ਮਿਲੇ ਵਰਤਣਾ ਪੈਂਦਾ ਹੈ।

**ਲਖਵੀਰ ਕੌਰ:** ਪਰ, ਮਨੋਜ ਜੀ। ਤੁਸੀਂ ਕੋਲੇ ਦੇ ਬਦਲੇ ਮਿੱਟੀ ਦਾ ਤੇਲ ਵਰਤਣ ਦੀ ਸਲਾਹ ਦਿੱਤੀ। ਜਦੋਂ ਕਿ ਵਾਤਾਵਰਣ ਦੇ ਲਈ ਉਹ ਵੀ ਘੱਟ ਖ਼ਤਰਨਾਕ ਨਹੀਂ ਹੈ। ਗਲੋਬਲ ਵਾਰਮਿੰਗ ਵਧਾਉਣ ਵਿਚ ਉਹ ਵੀ ਜ਼ਿੰਮੇਵਾਰ ਹੈ।

**ਮਨੋਜ:** ਜਾਣਦਾ ਹਾਂ ! ਪਰ ਕੀਤਾ ਵੀ ਕੀ ਜਾਏ? ਬਿਜਲੀ , ਦੁਨੀਆ ਦੇ 20% ਲੋਕਾਂ ਦੀ ਪਹੁੰਚ ਤੋਂ ਬਾਹਰ ਹੈ, ਉਨ੍ਹਾਂ ਦੇ ਲਈ ਮਿੱਟੀ ਦੇ ਤੇਲ ਦੀਆਂ ਲਾਲਟੈਨਾਂ ਦੀ ਰੌਸ਼ਨੀ ਬਹੁਤ ਜ਼ਿਆਦਾ ਮਹੱਤਵ ਰੱਖਦੀ ਹੈ। ਪਿਛਲੀ ਰਿਪੋਰਟ ਅਨੁਸਾਰ ਬਿਜਲੀ ਰਹਿਤ ਘਰਾਂ ਵਿੱਚ , ਰੋਸ਼ਨੀ ਦੇ ਲਈ , ਸਾਲਾਨਾ 7700 ਕਰੋੜ ਲੀਟਰ ਲਿਕਿਊਡ ਫਿਊਲ, ਜ਼ਿਆਦਾਤਰ ਮਿੱਟੀ ਦਾ ਤੇਲ ਹੀ ਵਰਤਿਆ ਜਾਂਦਾ ਹੈ ।

**ਲਖਵੀਰ ਕੌਰ:** ਪਰ ਕੁਝ ਵਧੀਆ ਕੰਮ ਵੀ ਹੋ ਰਹੇ ਹਨ। ਸੁਣਿਆ ਹੈ ਪ੍ਰਧਾਨ ਮੰਤਰੀ ਉਜਵਲ ਯੋਜਨਾ ਦੇ ਤਹਿਤ ਗੈਸ ਕੰਨੇਕਸ਼ਨ ਮਿਲਣ ਕਰਕੇ ਛੇਤੀ ਹੀ ਪੂਰਾ ਚੰਡੀਗੜ੍ਹ ਮਿੱਟੀ ਦੇ ਤੇਲ ਦੀ ਥਾਂ ਐਲ.ਪੀ.ਜੀ. ਦੀ ਵਰਤੋਂ ਸ਼ੁਰੂ ਕਰ ਦੇਵੇਗਾ।

**ਪ੍ਰਿਥੀ ਚੰਦ:** ਚੰਗਾ! ਇਹ ਤਾਂ ਬਹੁਤ ਵਧੀਆ ਖ਼ਬਰ ਹੈ। ਅਸਲ ਵਿਚ ਇਸ ਤਰਾਂ ਦੀਆਂ ਖ਼ਬਰਾਂ ਅਕਸਰ ਕ੍ਰਿਕੇਟ ਅਤੇ ਰਾਜਨੀਤਿਕ ਖ਼ਬਰਾਂ ਦੇ ਸ਼ੋਰ-ਸ਼ਰਾਬੇ ਵਿਚ ਦਬ ਕੇ ਰਹਿ ਜਾਂਦੀਆਂ ਹਨ।

**ਲੱਛਮੀ:** ਚਾਹ ਸੁਆਦ ਸੀ, ਮੈਡਮ?

**ਲਖਵੀਰ ਕੌਰ:** ਹਾਂ ਵਧੀਆ ਸੀ ! ਸਾਰਿਆਂ ਨੂੰ ਚੰਗੀ ਲੱਗੀ।

**ਮਨੋਜ:** ਪੈਸੇ ਮੈਂ ਦਿੰਦਾ ਹਾਂ।

**ਲਖਵੀਰ ਕੌਰ:** ਬਿਲਕੁਲ ਨਹੀਂ। (**ਪੁਕਾਰ ਕੇ**) ਸ਼ਕੀਲ! ਚਾਹ ਪੀ ਲਈ ਹੋਵੇ ਤਾਂ ਕਾਰ ਲੈ ਆਉ।

**ਸ਼ਕੀਲ:** ਆਇਆ, ਮੈਡਮ।

**ਪ੍ਰਿਥੀ ਚੰਦ:** ਹਾਂ, ਹੁਣ ਸਾਨੂੰ ਛੇਤੀ ਚੱਲਣਾ ਚਾਹੀਦਾ ਹੈ।

(ਕਾਰ ਨੇੜੇ ਆਉਂਦੀ ਹੈ। ਦਰਵਾਜੇ ਖੁੱਲ੍ਹਣ ਅਤੇ ਬੰਦ ਹੋਣ ਦੀ ਆਵਾਜ਼ ਦੇ ਨਾਲ ਕਾਰ ਚੱਲ ਪੈਂਦੀ ਹੈ।)

**ਮਨੋਜ:** ਇਹ ਕਿਹੜਾ ਅਖ਼ਬਾਰ ਹੈ, ਲਖਵੀਰ ਕੌਰ ਜੀ?

**ਲਖਵੀਰ ਕੌਰ:** ਅੱਛਾ ਇਹ? ਕਿਸੇ ਲੋਕਲ ਅਖ਼ਬਾਰ ਦਾ ਪੁਰਾਣਾ ਇਸ਼ੂ ਹੈ।

**ਮਨੋਜ:** ਮੈਨੂੰ ਦਿਉ। ਪਿਛਲੇ ਪੰਨੇ ਦੀਆਂ ਸੁਰਖੀਆਂ.... ਦਿਲਚਸਪ ਲੱਗਦੀਆਂ ਹਨ।

**ਲਖਵੀਰ ਕੌਰ:** ਲਉ। ਓਹੋ ਫਿਰ ਕੋਹਰਾ! ਯੂਰਪੀਅਨ ਸਟੋਰੀ।

**ਮਨੋਜ:** ਲਿਖਿਆ ਹੈ... ਇੰਗਲੈਂਡ ਤੇ ਫਰਾਂਸ ਦੀਆਂ ਰਾਜਧਾਨੀਆਂ ਵਿੱਚ ਇਸ ਹਫਤੇ ਹਵਾ-ਪ੍ਰਦੂਸ਼ਣ ਖ਼ਤਰਨਾਕ ਪੱਧਰ ਨਤੇ ਹੈ ।ਸਿਆਲ ਵਿਚ ਧੁੰਦ ਜ਼ਿਆਦਾ ਵਧ ਜਾਂਦੀ ਹੈ। ਪੈਰਿਸ ਦੇ ਮੇਅਰ ਡੀਜ਼ਲ ਕਾਰਾਂ 'ਤੇ ਰੋਕ ਲਗਾਉਣਾ ਚਾਹੁੰਦੇ ਹਨ।

**ਪ੍ਰਿਥੀ ਚੰਦ:** ਹਾਂ ! ਮੈਨੂੰ ਯਾਦ ਆ ਰਿਹਾ ਹੈ ਕਿ ਪੈਰਿਸ ਵਿਚ ਵੀ ਆਡ ਅਤੇ ਈਵਨ ਨੰਬਰ ( ਟੌਂਕ ਤੇ ਜਿਸਤ ) ਕਾਰਾਂ ਦਾ ਤਜ਼ਰਬਾ ਹੋਣ ਲੱਗਿਆ ਸੀ ਤਾਂ ਕਿ ਸੜਕਾਂ 'ਤੇ ਗੱਡੀਆਂ ਦੀ ਭੀੜ ਵਿਚ ਕਮੀ ਆਵੇ, ਜਿਵੇਂ ਕਿ ਦਿੱਲੀ ਵਿਚਹੋਇਆ ਸੀ ।

**ਲਖਵੀਰ ਕੌਰ:** ਗਹਿਰੇ ਕੋਹਰੇ ਦੇ ਲਈ ਲੰਦਨ ਵੀ ਬਹੁਤ ਬਦਨਾਮ ਹੈ, 1952 ਦਾ 'ਗ੍ਰੇਟ ਫਾਗ' ਭਲਾ ਕੌਣ ਭੁੱਲ ਸਕਦਾ ਹੈ!

**ਪ੍ਰਿਥੀ ਚੰਦ:** ਕੀ ਹੋਇਆ ਸੀ, 1952 ਵਿਚ ? ਦੱਸੋ ਨਾ ਜ਼ਰਾ !

**ਲਖਵੀਰ ਕੌਰ:** ਸਰਦੀਆਂ ਦਾ ਮੌਸਮ ਸੀ, ਹਵਾਵਾਂ ਵੀ ਰੁਕੀਆਂ ਹੋਈਆਂ ਸਨ।ਕੋਲਾ ਜਲਾਉਣ ਨਾਲ ਪੈਦਾ ਹੋਣ ਵਾਲੇ ਪ੍ਰਦੂਸ਼ਕ ਤੱਤ ਹਵਾ ਵਿਚ ਜਮ੍ਹਾ ਹੋਣ ਲੱਗੇ। ਪੂਰੇ ਸ਼ਹਿਰ ਵਿਚ ਧੁੰਦ ਦੀ ਮੋਟੀ ਚਾਦਰ ਜਿਹੀ ਫੈਲ ਗਈ ਸੀ।

**ਮਨੋਜ:** ਆਹੋ ਜੀ!ਪੂਰੇ ਪੰਜ ਹਫ਼ਤੇ ਇਹ ਚਾਦਰ ਛਾਈ ਰਹੀ । ਮੌਸਮ ਬਦਲਣ ਨਾਲ ਹੀ ਉਹ ਧੁੰਦ ਘਟੀ ਸੀ।

**ਪ੍ਰਿਥੀ ਚੰਦ:** ਕੀ, ਅਜਕਲ ਲੰਦਨ ਦੀ ਹਾਲਤ ਠੀਕ ਹੈ?

**ਮਨੋਜ:** ਲੰਦਨ ਦੇ ਮੇਅਰ, ਟੇਬਲਾਵੀਡ, ਨੇ ਤਾਂ ਹਵਾ-ਪ੍ਰਦੂਸ਼ਣ 'ਤੇ ਚੌਕਸੀ ਹੁਕਮ ਜਾਰੀ ਕਰ ਦਿੱਤਾ ਹੈ। ਕਾਰਾਂ ਵਾਲਿਆਂ ਨੂੰ ਵੀ ਬੇਨਤੀ ਕੀਤੀ ਗਈ ਹੈ ਕਿ ਉਹ ਆਪਣੀਆਂ-ਆਪਣੀਆਂ ਗੱਡੀਆਂ ਘਰਾਂ ਵਿਚ ਹੀ ਰਹਿਣ ਦੇਣ।

**ਪ੍ਰਿਥੀ ਚੰਦ:** ਮੈਂ ਵੀ ਪੜ੍ਹਿਆ ਹੈ ! ਹਾਂ.. ਲਿਖਿਆ ਹੈ ਜ਼ਿਆਦਾਤਰ ਪ੍ਰਦੂਸ਼ਣ ਕਾਰਾਂ ਦੇ ਕਾਰਨ, ਖ਼ਾਸ ਤੌਰ 'ਤੇ ਡੀਜ਼ਲ-ਕਾਰਾਂ ਦੇ ਕਾਰਨ ਫੈਲਿਆ। ਨਿਕਾਸੀ ਧੂੰਏਂ 'ਚ 95 ਫੀਸਦੀ ਨਾਈਟ੍ਰੋਜਨ ਡਾਈ ਆਕਸਾਈਡ ਹੁੰਦੇ ਹਨ। ਇਸ ਲਈ ਮੇਅਰ ਨੇ ਨਿਰਦੇਸ਼ ਦਿੱਤਾ ਹੈ ਕਿ ਅੱਜ ਪੈਰਿਸ ਦੀਆਂ ਸੜਕਾਂ ਤੋਂ ਅੱਧੀਆਂ ਗੱਡੀਆਂ ਹਟਾ ਲਈਆਂ ਜਾਣਗੀਆਂ।

**ਮਨੋਜ:**ਬ੍ਰਿਟਿਸ਼ ਅਖ਼ਬਾਰ ਇਸ ਹਾਲਤ ਦੇ ਲਈ ਫਰਾਂਸ ਵੱਲੋਂ ਆਉਣ ਵਾਲੀ ਪ੍ਰਦੂਸ਼ਿਤ ਹਵਾ ਨੂੰ ਜ਼ਿੰਮੇਦਾਰ ਮੰਨ ਰਹੇ ਹਨ।

**ਲਖਵੀਰ ਕੌਰ:** ਹਾਂ, ਹਾਂ। ਇਕ ਦੂਸਰੇ 'ਤੇ ਦੋਸ਼ ਲਗਾਉਣ ਦਾ ਇਹ ਬ੍ਰਿਟਿਸ਼-ਫਰੈਂਚ ਖੇਡ ਹਮੇਸ਼ਾ ਚੱਲਦਾ ਰਹਿੰਦਾ ਹੈ।

**ਮਨੋਜ :** ਜਿਵੇਂ ਪੰਜਾਬ ਤੇ ਦਿੱਲੀ ਦਾ !

**ਪ੍ਰਿਥੀ ਚੰਦ :** ਪਰ, ਇਹ ਧੁੰਦ ਜਾਂ ਕੋਹਰਾ ਆਖਿਰ ਹੁੰਦਾ ਕਿਵੇਂ ਹੈ?

**ਲਖਵੀਰ ਕੌਰ:** ਸਾਇੰਸ ਦੇ ਅਨੁਸਾਰ ਧੁੰਦ ਬਣਦੀ ਹੈ , ਸੂਰਜ ਦੀ ਰੌਸ਼ਨੀ, ਨਾਈਟ੍ਰੋਜਨ ਆਕਸਾਈਡ ਅਤੇ ਵਾਯੂਮੰਡਲ ਵਿਚ ਮੌਜੂਦ ਆਰਗੈਨਿਕ ਕੰਪਾਉਂਡ ਜਾਂ ਕਾਰਬਨੀ ਪਦਾਰਥਾਂ ਦੀ ਰਸਾਇਣਿਕ ਕਿਰਿਆ ਨਾਲ ਪੈਦਾ ਹੋਣ ਵਾਲੇ ਕਣ ਅਤੇ ਧਰਤੀ ਦੇ ਨੇੜੇ ਦੀ ਹਵਾ ਵਿੱਚ ਪਾਈ ਜਾਣ ਵਾਲੀ ਓਜ਼ੋਨ ਗੈਸ ਦੇ ਨਾਲ ।

**ਪ੍ਰਿਥੀ ਚੰਦ:** ਓਜ਼ੋਨ? ਸੁਣਿਆ ਹੈ ਓਜ਼ੋਨ ਤਾਂ ਵਾਯੂਮੰਡਲ ਵਿਚ ਭਾਰੀ ਮਾਤਰਾ ਵਿਚ ਮੌਜੂਦ ਹੈ... ਉਹ ਤਾਂ ਸੂਰਜ ਤੋਂ ਆਉਣ ਵਾਲੀਆਂ ਹਾਨੀਕਾਰਕ ਕਿਰਨਾਂ ਤੋਂ ਬਚਾਉਂਦੀ ਹੈ। ਕੀ ਉਹ ਧਰਤੀ ਦੇ ਨੇੜੇ ਦੀ ਹਵਾ ਵਿੱਚ ਵੀ ਹੁੰਦੀ ਹੈ ? ਇੰਟਰੈਸਟਿੰਗ!

**ਮਨੋਜ:** ਹਾਂ ਇਹ ਇੱਕ ਰੌਚਕ ਗੱਲ ਹੈ। ਹੇਠਾਂ ਵਾਲੀ ਓਜ਼ੋਨ ਰੰਗਹੀਨ ਹੁੰਦੀ ਹੈ ਅਤੇ ਬਹੁਤ ਹੀ ਪ੍ਰੇਸ਼ਾਨ ਕਰਨ ਵਾਲੀ ਅਜਿਹੀ ਗੈਸ ਹੈ, ਜਿਹੜੀ ਧਰਤੀ ਦੀ ਸਤਹਿ ਤੋਂ ਕੁਝ ਹੀ ਉੱਪਰ ਹੁੰਦੀ ਹੈ। ਇਸ ਨੂੰ ਸੈਕੰਡਰੀ ਪੋਲਉਟੈਂਟ (

ਪ੍ਰਦੂਸਨ ਕਾਰਕ) ਕਿਹਾ ਜਾਂਦਾ ਹੈ ਕਿਉਂਕਿ ਇਹ ਉਦੋਂ ਬਣਦੀ ਹੈ ਜਦੋਂ ਦੋ ਪ੍ਰਾਇਮਰੀ ਪੋਲਉਟੈਂਟ (ਪ੍ਰਦੂਸਨ ਕਾਰਕ) ਸੂਰਜ ਦੀ ਰੋਸ਼ਨੀ ਅਤੇ ਰੁਕੀ ਹੋਈ ਹਵਾ ਵਿਚ ਪ੍ਰਕਿਰਿਆ ਕਰਦੇ ਹਨ।

**ਲਖਵੀਰ ਕੌਰ:** ਪ੍ਰਾਇਮਰੀ ਪੋਲਉਟੈਂਟ (ਪ੍ਰਦੂਸਨ ਕਾਰਕ) ਨੇ ਨਾਈਟ੍ਰੋਜਨ ਆਕਸਾਈਡ ਅਤੇ ਹਵਾ ਵਿਚ ਉਡਣ ਵਾਲੇ ਕੁਝ ਕਾਰਬਨੀ ਯੋਗਿਕ ।

**ਪ੍ਰਿਥੀ ਚੰਦ:** ਅੱਛਾ ! ਤਾਂ ਫਿਰ ਉਹੀ ਕਾਰਾਂ ?

**ਲਖਵੀਰ ਕੌਰ:** (**ਹੱਸਦੇ ਹੋਏ**) ਐਨੇ ਦੁਖੀ ਨਾ ਹੋਵੋ ਪ੍ਰਿਥੀ ਚੰਦ ਜੀ ! ਇਹ ਤਾਂ ਸੱਚ ਹੀ ਹੈ ਕਿ ਮਨੁੱਖੀ ਗਤੀਵਿਧੀਆਂ ਨਾਲ ਪੈਦਾ ਹੋਣ ਵਾਲੀ ਲਗਭਗ 95% ਨਾਈਟ੍ਰੋਜਨ ਆਕਸਾਈਡ ਕੋਲਾ ਜਲਾਉਣ, ਗੈਸੋਲੀਨ ਅਤੇ ਮੋਟਰ ਗੱਡੀਆਂ, ਘਰਾਂ, ਉਦਯੋਗਾਂ ਅਤੇ ਬਿਜਲੀ ਘਰਾਂ ਤੋਂ ਹੀ ਨਿਕਲਦੀ ਹੈ।

**ਮਨੋਜ:** ਹਾਂ ਜੀ ! ਉੜਣਸ਼ੀਲ ਯੋਗਿਕ ਜ਼ਿਆਦਾਤਰ ਗੈਸੋਲੀਨ ਜਲਾਉਣ, ਉਪਰਲੇ ਬੰਨਿਓਂ ਆਉਂਦੇ ਤੇਲ ਅਤੇ ਗੈਸ ਉਤਪਾਦਨ ਤੋਂ ਇਲਾਵਾ ਤਰਲ ਬਾਲਣਾਂ ਅਤੇ ਘੋਲਕਾਂ ਦੇ ਵਾਸ਼ਪੀਕਰਣ ਨਾਲ ਹੀ ਬਣਦੇ ਹਨ।

**ਪ੍ਰਿਥੀ ਚੰਦ:** ਕੀ ਇਹ ਓਜ਼ੋਨ ਹਾਨੀਕਾਰਕ ਹੁੰਦੀ ਹੈ?

**ਲਖਵੀਰ ਕੌਰ:** ਓਜ਼ੋਨ ਮਨੁੱਖੀ ਸਿਹਤ 'ਤੇ ਵਿਸ਼ੇਸ਼ ਪ੍ਰਭਾਵ ਪਾਉਣ ਦੇ ਲਈ ਜਾਣੀ ਜਾਂਦੀ ਹੈ। ਓਜ਼ੋਨ ਦੇ ਸੰਪਰਕ ਵਿਚ ਆਉਣ ਨਾਲ ਸਮੇਂ ਤੋਂ ਪਹਿਲਾਂ ਮੌਤ, ਦਮਾ ਅਤੇ ਹੋਰ ਬਿਮਾਰੀਆਂ ਦਾ ਖਤਰਾ ਰਹਿੰਦਾ ਹੈ।

**ਮਨੋਜ:** ਓਜ਼ੋਨ ਦਾ ਬਨਸਪਤੀਆਂ 'ਤੇ ਵਿਸ਼ੇਸ਼ ਅਸਰ ਹੁੰਦਾ ਹੈ। ਇਹ ਕਈ ਫਸਲਾਂ ਦੀ ਪੈਦਾਵਾਰ ਘਟਾ ਦਿੰਦੀਆਂ ਹਨ।

**ਪ੍ਰਿਥੀ ਚੰਦ:** ਓਹੋ! ਹੁਣ ਜਾਵਾਂਗੇ ਤਾਂ ਜਾਵਾਂਗੇ ਕਿਥੇ? ਇਸ ਦਾ ਮਤਲਬ ਤਾਂ ਇਹ ਹੋਇਆ ਕਿ ਗੈਸੋਲੀਨ ਦਾ ਉਹ ਹਰ ਲੀਟਰ ਜਿਹੜਾ ਅਸੀਂ ਜਲਾਉਂਦੇ ਹਾਂ, ਅਸਲ ਵਿਚ ਸਾਡੀ ਸਿਹਤ ਵਿਗਾੜਨ ਵਾਲਾ ਹੀ ਹੁੰਦਾ ਹੈ।

**ਸ਼ਕੀਲ:** ਸਰ, ਅਸੀਂ ਸੈਕਟਰ 18 ਵਿਚ ਦਾਖਲ ਹੋ ਰਹੇ ਹਾਂ।... ਤੁਸੀਂ ਕਿੱਥੇ ਉਤਰਣਾ ਚਾਹੁੰਦੇ ਹੋ?

**ਲਖਵੀਰ ਕੌਰ:** ਤੁਸੀਂ ਆਪਣੇ ਆਫਿਸ ਹੀ ਜਾਣਾ ਹੋਵੇਗਾ?

**ਪ੍ਰਿਥੀ ਚੰਦ:** ਹਾਂ, ਹਾਂ। ਸਹੀ ਕਿਹਾ ਤੁਸੀਂ। ਪਰ, ਸਾਨੂੰ ਚਰਚਾ ਕਰਨ ਦਾ ਚੰਗਾ ਮੌਕਾ ਮਿਲਿਆ ਮਨੋਜ ਜੀ। ਘੱਟ ਤੋਂ ਘੱਟ ਮੈਨੂੰ ਤਾਂ ਬਹੁਤ ਫਾਇਦਾ ਹੋਵੇਗਾ।

**ਮਨੋਜ:** ਫਾਇਦਾ ਤਾਂ ਮੈਨੂੰ ਵੀ ਹੋਇਆ ਹੈ, ਪ੍ਰਿਥੀ ਚੰਦ ਜੀ। ਕਿੰਨੀਆਂ ਹੀ ਗੱਲਾਂ ਦਾ ਪਤਾ ਲੱਗਿਆ। ਸਾਨੂੰ ਆਪਣੀ ਹੋਸਟ ਲਖਵੀਰ ਕੌਰ ਜੀ ਦਾ ਅਹਿਸਾਨਮੰਦ ਹੋਣਾ ਚਾਹੀਦਾ ਹੈ।

**ਪ੍ਰਿਥੀ ਚੰਦ:** ਹਾਂ,ਹਾਂ। ਬਿਲਕੁਲ! ਸ਼ਕੀਲ ਭਾਈ, ਥੋੜ੍ਹਾ ਖੱਬੇ ਹੱਥ ਬਸ ਇੱਥੇ, ਉਹ ਹਰੀ ਬਿਲਡਿੰਗ ਹੈ... ਆ... ਹਾਂ... ਬਸ ਇੱਥੇ ਰੋਕ ਦਿਉ।

**(ਕਾਰ ਰੁਕਦੀ ਹੈ, ਦਰਵਾਜਾ ਖੁੱਲ੍ਹਦਾ ਹੈ। ਪ੍ਰਿਥੀ ਚੰਦ ਸਾਰਿਆਂ ਨੂੰ ਬਾਏ ਕਹਿੰਦਾ ਹੈ।)**

**ਮਨੋਜ:** ਪ੍ਰਿਥੀ ਚੰਦ ਜੀ, ਅੱਜ ਦਾ ਦਿਨ ਹਮੇਸ਼ਾ ਯਾਦ ਰਹੇਗਾ ਅਤੇ ਹਾਂ, ਤੁਹਾਡੀ ਸਮਾਚਾਰ ਪ੍ਰੇਮੀ ਸੈਕੇਟਰੀ ਨੂੰ ਸਾਡੀ ਇਸ ਚਰਚਾ ਦੇ ਬਾਰੇ ਦੱਸਣਾ ਨਾ ਭੁੱਲਿਓ।

**(ਸਾਰਿਆਂ ਦਾ ਠਹਾਕਾ ਲਗਾਉਣਾ)**

ਪ੍ਰਸ਼ਨ:

ਪ੍ਰਸ਼ਨ -1

ਪਥਰਾਹਟੀ ਬਾਲਣਾਂ ਦਾ ਪਰਿਆਵਰਣ ਤੇ ਕੀ ਪੈਂਦਾ ਹੈ ਪ੍ਰਭਾਵ ?

ਕਾਰਬਨ ਉਸਰਜਨ ਵਧਣ ਕਰਕੇ ਗਲੋਬਲ ਵਾਰਮਿੰਗ ਤੇ ਹਵਾ ਵਿੱਚ ਲਟਕੇ ਕਾਰਬਨੀ ਕਣਾਂ ਕਰਕੇ ਗਰਦ ਗੁਬਾਰ ਸਮੌਗ ਤੇ ਹਾਦਸੇ ।

ਪ੍ਰਸ਼ਨ -2

ਪਥਰਾਹਟੀ ਬਾਲਣਾਂ ਦੀ ਵਰਤੋਂ ਕਿਵੇਂ ਜਾਈ ਸਕਦੀ ਹੈ ਘਟਾਈ ?

ਉਤਰ: ਕਿਫਾਇਤ ਕਰਕੇ, ਪੈਟਰੋਲ ਤੇ ਡੀਜ਼ਲ ਘਟਾਉਣ ਵਾਸਤੇ ਇੱਕ ਚੁਸਤ ਦਰੁਸਤ ਜਨਤਕ ਸੰਚਾਰ ਸੁਵਿਧਾ ਤੇ ਨਿਜੀ ਵਾਹਣਾਂ ਦਾ ਸਫਰ ਇੱਕ ਦੂਜੇ ਨਾਲ ਸਾਂਝਾ ਕਰਕੇ । ( ਕਾਰ ਪੂਲਿੰਗ ਆਦਿ)